ਸਿੱਖ ਕੌਮ ਅਤੇ ਪੰਜਾਬੀਅਤ ਦਾ ਪਹਿਰੇਦਾਰ

# ਆਵਾਜ਼ਿ ਕੌਮ

Awaze Qaum

(ਯੂ. ਕੇ. ਤੋਂ ਪ੍ਰਕਾਸ਼ਿਤ)

International Daily Newspaper & WEB TV

www.awazeqaumtv.com

Also On

Visit on facebook

https://www.facebook.com/awazeqaumtv/videos/194899582124531/

YouTube https://youtu.be/LQwolgxDu7I

awazeqaumtvpunjab@gmail.com

ਸੋਮਵਾਰ, 27 ਜੁਲਾਈ 2026 (ਨਾਨਕਸ਼ਾਹੀ ਸੰਮਤ : ੫੫੮, ੧੨ ਸਾਵਣ) ਸੰਪਾਦਕ : ਰਘਵੀਰ ਸਿੰਘ ਵਾਲਸਾਲ ਯੂ.ਕੇ., ਸੰਪਰਕ : +447458381111, +447976210161, +919729091243




## ਕੈਨੇਡਾ 'ਚ ਪੰਜਾਬਣ ਦਾ ਗੋਲੀ ਮਾਰ ਕੇ ਕਤਲ

**ਟੋਰਾਂਟੋ, 26 ਜੁਲਾਈ (ਆਵਾਜ਼ਿ ਕੌਮ ਬਿਊਰੋ)**-ਟੋਰਾਂਟੋ 'ਚ ਰਹਿੰਦੀ ਇੱਕ ਪੰਜਾਬੀ ਕੁੜੀ ਨੂੰ ਗੋਲੀ ਮਾਰ ਕੇ ਕਤਲ ਕਰ ਦਿੱਤਾ ਗਿਆ ਹੈ। ਜਾਣਕਾਰੀ ਅਨੁਸਾਰ ਇਹ ਵਾਰਦਾਤ ਟੋਰਾਂਟੋ ਦੇ ਇਟੋਬੀਕੋਕ ਇਲਾਕੇ 'ਚ ਹੋਈ ਹੈ। ਪੁਲਿਸ ਨੇ ਇਸਨੂੰ ਟਾਰਗੇਟਿਡ ਹਮਲਾ ਦੱਸਿਆ ਹੈ। ਪੁਲਿਸ ਨੇ ਕਾਰਵਾਈ ਕਰਦੇ ਹੋਏ ਮੁਲਜ਼ਮ ਸ਼ਰਨਜੀਤ ਸਿੰਘ (37) ਵਾਸੀ ਬਰੈਂਪਟਨ ਨੂੰ ਗ੍ਰਿਫ਼ਤਾਰ ਕਰ ਲਿਆ ਹੈ।ਮੁਲਜ਼ਮ ਵੀ ਪੰਜਾਬੀ ਨੌਜਵਾਨ ਦੱਸਿਆ ਜਾ ਰਿਹਾ ਹੈ। ਉਸ 'ਤੇ ਫਰਸਟ ਡਿਗਰੀ ਮਰਡਰ ਭਾਵ ਪਹਿਲੇ ਦਰਜੇ ਦੇ ਕਤਲ ਦਾ ਦੋਸ਼ ਲਗਾਇਆ ਗਿਆ ਹੈ। ਟੋਰਾਂਟੋ ਪੁਲਸ ਨੇ ਮ੍ਰਿਤਕਾ ਦੀ ਪਛਾਣ ਨਵਨੀਤ ਕੌਰ (26) ਵਜੋਂ ਕੀਤੀ ਹੈ। ਪੁਲਸ ਵੱਲੋਂ ਜਾਰੀ ਬਿਆਨ ਮੁਤਾਬਕ, ਘਟਨਾ ਦੇ ਸਮੇਂ ਪੀੜਤ ਮੁਟਿਆਰ ਅਤੇ ਮੁਲਜ਼ਮ ਵਿਚਕਾਰ ਕੁਝ ਸਮਾਂ ਗੱਲਬਾਤ ਹੋਈ, ਜਿਸ ਤੋਂ ਤੁਰੰਤ ਬਾਅਦ ਮੁਲਜ਼ਮ ਨੇ ਔਰਤ 'ਤੇ ਗੋਲੀ ਚਲਾ ਦਿੱਤੀ।ਮੌਕੇ 'ਤੇ ਨਜ਼ਦੀਕ ਚਾਹ ਪੀ ਰਹੇ ਇੱਕ ਚਸ਼ਮਦੀਦ ਨੇ ਦੱਸਿਆ ਕਿ ਉਸ ਨੇ ਇੱਕ ਵਿਅਕਤੀ ਨੂੰ ਔਰਤ ਕੋਲ ਆਉਂਦੇ ਅਤੇ ਥੋੜ੍ਹੀ ਦੇਰ ਗੱਲ ਕਰਨ ਤੋਂ ਬਾਅਦ ਅਚਾਨਕ ਗੋਲੀ ਚਲਾਉਂਦੇ ਦੇਖਿਆ। ਸੂਚਨਾ ਮਿਲਦੇ ਹੀ ਪੁਲਸ ਮੌਕੇ 'ਤੇ ਪਹੁੰਚੀ ਅਤੇ ਪੀੜਤ ਨੂੰ ਬਚਾਉਣ ਦੀਆਂ ਕੋਸ਼ਿਸ਼ਾਂ ਕੀਤੀਆਂ ਗਈਆਂ, ਪਰ ਡਾਕਟਰਾਂ ਨੇ ਉਸ ਨੂੰ ਮੌਕੇ 'ਤੇ ਹੀ ਮ੍ਰਿਤਕ ਐਲਾਨ ਦਿੱਤਾ। ਗੋਲੀਬਾਰੀ ਤੋਂ ਬਾਅਦ ਮੁਲਜ਼ਮ ਮੌਕੇ ਤੋਂ ਫ਼ਰਾਰ ਹੋ ਗਿਆ ਸੀ, ਪਰ ਪੁਲੀਸ ਵੱਲੋਂ ਚਲਾਏ ਗਈ ਵਿਸ਼ੇਸ਼ ਤਲਾਸ਼ੀ ਮੁਹਿੰਮ ਦੌਰਾਨ ਉਸ ਨੂੰ ਕਾਬੂ ਕਰ ਲਿਆ ਗਿਆ।



## ਜਹਾਜ਼ 'ਤੇ ਹਮਲੇ ਮਗਰੋਂ ਦੋ ਭਾਰਤੀ ਮਲਾਹ ਲਾਪਤਾ

# ਰੂਸ-ਯੂਕਰੇਨ ਜੰਗ ਨੇ ਮੁੜ ਵਧਾਈ ਚਿੰਤਾ

**ਨਵੀਂ ਦਿੱਲੀ, 26 ਜੁਲਾਈ (ਆਵਾਜ਼ਿ ਕੌਮ ਬਿਊਰੋ)**-ਰੂਸ-ਯੂਕਰੇਨ ਟਕਰਾਅ ਦੇ ਵਿਚਕਾਰ, ਕਾਲੇ ਸਾਗਰ ਵਿੱਚ ਵਪਾਰਕ ਜਹਾਜ਼ਾਂ 'ਤੇ ਹਮਲੇ ਲਗਾਤਾਰ ਜਾਰੀ ਹਨ। ਸ਼ਨੀਵਾਰ ਨੂੰ ਯੂਕਰੇਨ ਦੇ ਪ੍ਰਮੁੱਖ ਬੰਦਰਗਾਹ ਸ਼ਹਿਰ ਓਡੇਸਾ ਵਿੱਚ ਇੱਕ ਹੋਰ ਵਪਾਰਕ ਜਹਾਜ਼, ਐਮਵੀ ਏਜੀਐਨ ਰਾਗਨਾਰ, 'ਤੇ ਹਮਲਾ ਕੀਤਾ ਗਿਆ। ਜਹਾਜ਼ 'ਤੇ ਚਾਰ ਭਾਰਤੀ ਨਾਗਰਿਕ (ਮਲਾਹ) ਸਵਾਰ ਸਨ। ਕੀਵ ਵਿੱਚ ਭਾਰਤੀ ਦੂਤਾਵਾਸ ਨੇ ਐਤਵਾਰ ਨੂੰ ਇੱਕ ਬਿਆਨ ਜਾਰੀ ਕਰਕੇ ਪੁਸ਼ਟੀ ਕੀਤੀ ਕਿ ਚਾਰ ਭਾਰਤੀ ਨਾਗਰਿਕਾਂ ਵਿੱਚੋਂ ਦੋ ਸੁਰੱਖਿਅਤ ਹਨ, ਜਦਕਿ ਬਾਕੀ ਦੋ ਲਾਪਤਾ ਭਾਰਤੀ ਚਾਲਕ ਦਲ ਦੇ ਮੈਂਬਰਾਂ ਨੂੰ ਲੱਭਣ ਲਈ ਬਚਾਅ ਕਾਰਜ ਜਾਰੀ ਹੈ। ਯੂਕਰੇਨ ਵਿੱਚ ਭਾਰਤੀ ਦੂਤਾਵਾਸ ਨੇ ਸੋਸ਼ਲ ਮੀਡੀਆ ਪਲੇਟਫਾਰਮ ਐਕਸ 'ਤੇ ਪੋਸਟ ਕੀਤਾ, ਜਿਸ ਵਿੱਚ ਕਿਹਾ ਗਿਆ ਹੈ ਕਿ 25 ਜੁਲਾਈ ਨੂੰ ਓਡੇਸਾ ਬੰਦਰਗਾਹ 'ਤੇ ਵਪਾਰੀ ਜਹਾਜ਼ 'ਤੇ ਹੋਏ ਹਮਲੇ ਤੋਂ ਬਾਅਦ, ਭਾਰਤੀ ਦੂਤਾਵਾਸ ਸਥਿਤੀ 'ਤੇ ਨੇੜਿਓਂ ਨਜ਼ਰ ਰੱਖ ਰਿਹਾ ਹੈ। ਜਹਾਜ਼ 'ਤੇ ਚਾਰ ਭਾਰਤੀ ਨਾਗਰਿਕ ਸਵਾਰ ਸਨ। ਤਾਜ਼ਾ ਜਾਣਕਾਰੀ ਦੇ ਅਨੁਸਾਰ, ਦੋ ਭਾਰਤੀ ਸੁਰੱਖਿਅਤ ਹਨ ਅਤੇ ਬਾਕੀ ਦੋ ਬਾਰੇ ਜਾਣਕਾਰੀ ਇਕੱਠੀ ਕੀਤੀ ਜਾ ਰਹੀ ਹੈ। ਖੋਜ ਅਤੇ ਬਚਾਅ ਕਾਰਜ ਜਾਰੀ ਹਨ, ਅਤੇ ਦੂਤਾਵਾਸ ਸਥਾਨਕ ਅਧਿਕਾਰੀਆਂ ਨਾਲ ਸੰਪਰਕ ਵਿੱਚ ਹੈ। ਇਹ ਘਟਨਾ ਖਾਸ ਤੌਰ 'ਤੇ ਚਿੰਤਾਜਨਕ ਹੈ ਕਿਉਂਕਿ ਕੁਝ ਦਿਨ ਪਹਿਲਾਂ, 19 ਜੁਲਾਈ ਨੂੰ, ਓਡੇਸਾ ਬੰਦਰਗਾਹ ਤੋਂ ਨਿਕਲਣ ਵਾਲੇ ਕਾਰਗੋ ਜਹਾਜ਼ "ਐਮਵੀ ਗੋਲਡਨ ਲੀਓ" 'ਤੇ ਹੋਏ ਹਮਲੇ ਵਿੱਚ ਚਾਰ ਭਾਰਤੀ ਮਲਾਹ ਮਾਰੇ ਗਏ ਸਨ। ਉਸ ਘਟਨਾ ਤੋਂ ਬਾਅਦ, ਭਾਰਤ ਨੇ ਸਖ਼ਤ ਇਤਰਾਜ਼ ਜਤਾਇਆ ਅਤੇ ਇੱਕ ਸੀਨੀਅਰ ਰੂਸੀ ਡਿਪਲੋਮੈਟ ਨੂੰ ਤਲਬ ਕੀਤਾ। ਕਾਲੇ ਸਾਗਰ ਵਿੱਚ ਜਹਾਜ਼ਾਂ 'ਤੇ ਚੱਲ ਰਹੇ ਹਮਲਿਆਂ ਵਿੱਚ ਹੁਣ ਤੱਕ ਘੱਟੋ-ਘੱਟ ਪੰਜ ਭਾਰਤੀ ਨਾਗਰਿਕਾਂ ਦੀ ਜਾਨ ਚਲੀ ਗਈ ਹੈ। ਸਥਿਤੀ ਦੀ ਗੰਭੀਰਤਾ ਨੂੰ ਦੇਖਦੇ ਹੋਏ, ਵਿਦੇਸ਼ ਮੰਤਰਾਲੇ ਨੇ ਖੇਤਰ ਵਿੱਚ ਕੰਮ ਕਰਨ ਵਾਲੇ ਸਾਰੇ ਭਾਰਤੀ ਮਲਾਹਾਂ ਅਤੇ ਵਪਾਰੀ ਨੇਵੀ ਕਰਮਚਾਰੀਆਂ ਲਈ ਇੱਕ ਵਿਸਤ੍ਰਿਤ ਸੁਰੱਖਿਆ ਸਲਾਹ ਜਾਰੀ ਕੀਤੀ ਹੈ।



## ਧਰਮਿੰਦਰ ਪ੍ਰਧਾਨ ਦੇ ਅਸਤੀਫ਼ੇ ਤੋਂ ਬਾਅਦ 'ਆਪ' 'ਤੇ ਵਧਿਆ ਸਿਆਸੀ ਦਬਾਅ, ਪੰਜਾਬ 'ਚ 2 ਮੰਤਰੀਆਂ ਦੇ ਅਸਤੀਫ਼ੇ ਦੀ ਚਰਚਾ ਤੇਜ਼ !

**ਚੰਡੀਗੜ੍ਹ, 26 ਜੁਲਾਈ (ਆਵਾਜ਼ਿ ਕੌਮ ਬਿਊਰੋ)**-ਸਾਬਕਾ ਕੇਂਦਰੀ ਸਿੱਖਿਆ ਮੰਤਰੀ ਧਰਮਿੰਦਰ ਪ੍ਰਧਾਨ ਦੇ ਅਸਤੀਫ਼ੇ ਦਾ ਪ੍ਰਭਾਵ ਹੁਣ ਪੰਜਾਬ ਦੀ ਰਾਜਨੀਤੀ ਵਿੱਚ ਸਪੱਸ਼ਟ ਦਿਖਾਈ ਦੇ ਰਿਹਾ ਹੈ। ਪੇਪਰ ਲੀਕ ਅਤੇ ਪ੍ਰੀਖਿਆ ਵਿਵਾਦਾਂ ਤੋਂ ਬਾਅਦ ਪ੍ਰਧਾਨ ਵੱਲੋਂ ਅਸਤੀਫ਼ਾ ਦੇਣ ਦੀ ਮਿਸਾਲ ਦਿੰਦੇ ਹੋਏ, ਵਿਰੋਧੀ ਪਾਰਟੀਆਂ ਨੇ ਪੰਜਾਬ ਵਿੱਚ ਭਗਵੰਤ ਮਾਨ ਸਰਕਾਰ ਵਿਰੁੱਧ ਹਮਲਾ ਸ਼ੁਰੂ ਕਰ ਦਿੱਤਾ ਹੈ। ਪੰਜਾਬ ਦੇ ਦੋ ਮੰਤਰੀਆਂ ਨੂੰ ਲੈ ਕੇ ਰਾਜਨੀਤਿਕ ਮਾਹੌਲ ਗਰਮ ਹੋ ਗਿਆ ਹੈ। ਸ਼੍ਰੋਮਣੀ ਅਕਾਲੀ ਦਲ ,ਕਾਂਗਰਸ ਅਤੇ ਭਾਜਪਾ ਸਮੇਤ ਪਾਰਟੀਆਂ ਨੇ ਪੰਜਾਬ ਦੇ ਸਿੱਖਿਆ ਮੰਤਰੀ ਹਰਜੋਤ ਸਿੰਘ ਬੈਂਸ ਅਤੇ ਸਿਹਤ ਮੰਤਰੀ ਬਲਬੀਰ ਸਿੰਘ ਦੇ ਅਸਤੀਫ਼ੇ ਦੀ ਮੰਗ ਤੇਜ਼ ਕਰ ਦਿੱਤੀ ਹੈ। ਇਹ ਮੰਗ ਇਸ ਲਈ ਤੇਜ਼ ਹੋ ਗਈ ਹੈ ਕਿਉਂਕਿ ਪ੍ਰਧਾਨ ਦੇ ਅਸਤੀਫ਼ੇ ਨੇ ਵਿਰੋਧੀ ਧਿਰ ਨੂੰ ਪੰਜਾਬ ਸਰਕਾਰ ਨੂੰ ਘੇਰਨ ਲਈ ਮਹੱਤਵਪੂਰਨ ਰਾਜਨੀਤਿਕ ਅਤੇ ਨੈਤਿਕ ਆਧਾਰ ਪ੍ਰਦਾਨ ਕੀਤੇ ਹਨ। ਪੰਜਾਬੀ ਖ਼ਬਰਾਂ ਪੰਜਾਬ ਵਿੱਚ ਵਿਧਾਨ ਸਭਾ ਚੋਣਾਂ ਦੇ ਆਲੇ-ਦੁਆਲੇ ਦੀ ਰਾਜਨੀਤੀ ਪਹਿਲਾਂ ਹੀ ਤੇਜ਼ ਸੀ। ਹੁਣ, ਪ੍ਰਧਾਨ ਦੇ ਅਸਤੀਫ਼ੇ ਨੇ ਵਿਰੋਧੀ ਧਿਰ ਨੂੰ ਇਹ ਪੁੱਛਣ ਦਾ ਮੌਕਾ ਦਿੱਤਾ ਹੈ: ਜੇਕਰ ਕੇਂਦਰ ਸਰਕਾਰ ਆਪਣੇ ਮੰਤਰੀ ਨੂੰ ਹਟਾ ਸਕਦੀ ਹੈ, ਤਾਂ ਪੰਜਾਬ ਸਰਕਾਰ ਵੀ ਅਜਿਹਾ ਕਿਉਂ ਨਹੀਂ ਕਰ ਸਕਦੀ? ਇਸ ਨਾਲ ਇਹ ਸਵਾਲ ਉੱਠਦਾ ਹੈ ਕਿ ਕੀ ਹਰਜੋਤ ਸਿੰਘ ਬੈਂਸ ਵੀ ਅਸਤੀਫ਼ਾ ਦੇਣਗੇ, ਕਿਉਂਕਿ ਹੁਣ ਪੰਜਾਬ ਵਿੱਚ ਵਿਰੋਧ ਦੀਆਂ ਆਵਾਜ਼ਾਂ ਉੱਠ ਰਹੀਆਂ ਹਨ, ਜਿਵੇਂ ਕਿ ਦਿੱਲੀ ਦੇ ਜੰਤਰ-ਮੰਤਰ 'ਤੇ ਪ੍ਰਦਰਸ਼ਨ। ਸ਼੍ਰੋਮਣੀ ਅਕਾਲੀ ਦਲ ਨੇ ਵੀ ਪੇਪਰ ਲੀਕ ਦੇ ਮੁੱਦੇ 'ਤੇ ਪੰਜਾਬ ਸਰਕਾਰ ਨੂੰ ਨਿਸ਼ਾਨਾ ਬਣਾਉਂਦੇ ਹੋਏ ਹਮਲਾਵਰ ਰੁਖ਼ ਅਪਣਾਇਆ ਹੈ। ਅਕਾਲੀ ਆਗੂਆਂ ਦਾ ਤਰਕ ਹੈ ਕਿ ਜਦੋਂ ਆਮ ਆਦਮੀ ਪਾਰਟੀ - ਜਦੋਂ ਵਿਰੋਧੀ ਧਿਰ ਵਿੱਚ ਹੁੰਦੀ ਹੈ, ਦੂਜੇ ਰਾਜਾਂ ਜਾਂ ਕੇਂਦਰ ਵਿੱਚ ਪੇਪਰ ਲੀਕ 'ਤੇ ਤੁਰੰਤ ਅਸਤੀਫ਼ੇ ਦੀ ਮੰਗ ਕਰਦੀ ਹੈ, ਤਾਂ ਉਹ ਆਪਣੇ ਹੀ ਰਾਜ ਵਿੱਚ ਪ੍ਰੀਖਿਆ ਪ੍ਰਣਾਲੀ ਵਾਰ-ਵਾਰ ਅਸਫਲ ਹੋਣ 'ਤੇ ਪੂਰੀ ਤਰ੍ਹਾਂ ਚੁੱਪ ਰਹਿੰਦੀ ਹੈ। ਅਕਾਲੀ ਦਲ ਦੀ ਸੰਸਦ ਮੈਂਬਰ ਹਰਸਿਮਰਤ ਕੌਰ ਬਾਦਲ ਨੇ ਸਿੱਖਿਆ ਮੰਤਰੀ ਹਰਜੋਤ ਸਿੰਘ ਬੈਂਸ ਅਤੇ ਸਿਹਤ ਮੰਤਰੀ ਬਲਬੀਰ ਸਿੰਘ ਦੇ ਤੁਰੰਤ ਅਸਤੀਫ਼ੇ ਦੀ ਮੰਗ ਕੀਤੀ ਹੈ, ਉਨ੍ਹਾਂ 'ਤੇ ਪ੍ਰੀਖਿਆ ਪ੍ਰਣਾਲੀ ਨੂੰ ਅਸਫਲ ਕਰਨ ਅਤੇ ਨੌਜਵਾਨਾਂ ਦੇ ਭਵਿੱਖ ਨੂੰ ਖਤਰੇ ਵਿੱਚ ਪਾਉਣ ਦਾ ਦੋਸ਼ ਲਗਾਇਆ ਹੈ।

## ਡੂੰਘਾ ਹੋਇਆ ਪੰਜਾਬ 'ਚ ਬਿਜਲੀ ਸੰਕਟ ! ਦਰਜ਼ਨਾਂ ਪਿੰਡਾਂ ਲਈ ਖੜ੍ਹੀ ਹੋਈ ਵੱਡੀ ਮੁਸੀਬਤ

**ਚੰਡੀਗੜ੍ਹ, 26 ਜੁਲਾਈ (ਆਵਾਜ਼ਿ ਕੌਮ ਬਿਊਰੋ)**-ਬਿਜਲੀ ਮੁਲਾਜ਼ਮਾਂ ਦੀ ਲਗਾਤਾਰ 6 ਦਿਨਾਂ ਤੋਂ ਚੱਲ ਰਹੀ ਹੜਤਾਲ ਕਾਰਨ ਨੂਰਪੁਰਬੇਦੀ ਦੇ ਪੇਂਡੂ ਖੇਤਰ 'ਚ ਬਿਜਲੀ ਸੰਕਟ ਲਗਾਤਾਰ ਗੰਭੀਰ ਹੁੰਦਾ ਜਾ ਰਿਹਾ ਹੈ। ਜਿਸ ਦੇ ਚੱਲਦਿਆਂ 66 ਕੇ.ਵੀ. ਸਬ-ਸਟੇਸ਼ਨ ਨਲਹੋਟੀ ਅਧੀਨ ਆਉਂਦੇ ਪਿੰਡ ਪਲਾਟਾ ਅਤੇ ਭੰਗਲਾਂ ਦੇ 11 ਕੇ.ਵੀ. ਫੀਡਰ ਨਾਲ ਜੁੜੇ ਕਰੀਬ 1 ਦਰਜਨ ਪਿੰਡਾਂ ਦੀ ਬੀਤੀ ਦੁਪਹਿਰ ਤੋਂ ਬਿਜਲੀ ਬੰਦ ਰਹਿਣ ਕਾਰਨ ਬੀਤੇ ਦਿਨ ਦੂਜੇ ਦਿਨ ਵੀ ਸਪਲਾਈ ਬਹਾਲ ਨਾ ਹੋਣ 'ਤੇ ਸੈਂਕੜੇ ਘਰਾਂ ਦੇ ਲੋਕਾਂ ਨੇ ਸਮੁੱਚੀ ਰਾਤ ਜਾਗ ਕੇ ਕੱਟੀ। ਇਨ੍ਹਾਂ ਹਾਲਾਤਾਂ ਦੌਰਾਨ ਨਾ ਸੈਂਕੜੇ ਘਰਾਂ ਦੇ ਲੋਕਾਂ ਨੂੰ ਨਾ ਸਿਰਫ਼ ਪੀਣ ਵਾਲੇ ਪਾਣੀ ਦੀ ਕਮੀ ਨਾਲ ਨਿਪਟਣਾ ਪਿਆ ਬਲਕਿ ਲੋਕ ਗਰਮੀ ਨਾਲ ਵੀ ਬੇਹਾਲ ਹੋਏ। ਪ੍ਰਾਪਤ ਜਾਣਕਾਰੀ ਮੁਤਾਬਕ 25 ਜੁਲਾਈ ਨੂੰ ਸ਼ਾਮੀਂ ਕਰੀਬ 5.50 ਵਜੇ ਭੰਗਲਾਂ ਫੀਡਰ ਦੀ ਬਿਜਲੀ ਸਪਲਾਈ ਅਚਾਨਕ ਬੰਦ ਹੋ ਗਈ। ਜਦਕਿ ਇਸ ਤੋਂ ਕੁਝ ਸਮਾਂ ਪਹਿਲਾਂ ਦੁਪਹਿਰ ਕਰੀਬ 3.40 ਵਜੇ ਪਲਾਟਾ ਫੀਡਰ ਦੀ ਬਿਜਲੀ ਵੀ ਗੁੱਲ ਹੋ ਗਈ। ਉਕਤ ਦੋਵੇਂ ਫੀਡਰਾਂ ਨਾਲ ਜੁੜੇ ਕਰੀਬ 1 ਦਰਜਨ ਪਿੰਡਾਂ 'ਚ ਬਿਜਲੀ ਸਪਲਾਈ ਬੰਦ ਹੋਣ 'ਤੇ ਲੋਕਾਂ ਵੱਲੋਂ ਵਿਭਾਗ ਦੇ ਅਧਿਕਾਰੀਆਂ ਨਾਲ ਤਾਲਮੇਲ ਸਥਾਪਿਤ ਕਰਨ ਦੀ ਕੋਸ਼ਿਸ਼ ਕੀਤੀ ਗਈ ਮਗਰ ਸਮੁੱਚੇ ਮੁਲਾਜ਼ਮਾਂ ਦੇ ਹੜਤਾਲ 'ਤੇ ਹੋਣ ਕਾਰਨ ਸਪਲਾਈ ਬਹਾਲ ਨਾ ਹੋਣ ਕਾਰਨ ਉਕਤ ਪਿੰਡ ਹਨ੍ਹੇਰੇ 'ਚ ਡੁੱਬ ਗਏ ਅਤੇ ਲੋਕਾਂ ਨੂੰ ਸਮੁੱਚੀ ਰਾਤ ਬਿਨ੍ਹਾਂ ਬਿਜਲੀ ਤੋਂ ਗੁਜ਼ਾਰਨ ਲਈ ਮਜ਼ਬੂਰ ਹੋਣਾ ਪਿਆ। ਉਕਤ ਦੋਵੇਂ ਫੀਡਰਾਂ ਦੇ ਅਚਾਨਕ ਇਕ-ਇਕ ਕਰਕੇ ਬੰਦ ਹੋ ਜਾਣ ਕਾਰਨ ਕਾਹਨਪੁਰ ਖੂਹੀ, ਭਨੂੰਹਾਂ, ਸਮੁੰਦੜੀਆਂ, ਪਲਾਟਾ, ਹਰੀਪੁਰ, ਸਪਾਲਵਾਂ ਅਤੇ ਭੰਗਲਾਂ ਸਮੇਤ ਕਰੀਬ 12 ਪਿੰਡਾਂ 'ਚ ਪੂਰੀ ਤਰ੍ਹਾਂ ਬਿਜਲੀ ਠੱਪ ਰਹੀ, ਜਿਸ ਕਾਰਨ ਲੋਕਾਂ ਦਾ ਜਿਊਣਾ ਮੁਹਾਲ ਹੋ ਗਿਆ। ਇਨ੍ਹਾਂ ਹਾਲਾਤ ਕਾਰਨ ਦੂਜੇ ਦਿਨ ਵੀ 12 'ਚੋਂ 9 ਪਿੰਡਾਂ ਦੀ ਦੁਪਹਿਰ ਤੱਕ ਬਿਜਲੀ ਸਪਲਾਈ ਬਹਾਲ ਨਹੀਂ ਹੋ ਸਕੀ ਸੀ। ਜਦਕਿ ਸਿਰਫ਼ 3 ਪਿੰਡਾਂ ਦੀ ਹੀ ਸਵੇਰੇ 10 ਵਜੇ ਤੱਕ 16 ਘੰਟਿਆਂ ਬਾਅਦ ਬਿਜਲੀ ਸਪਲਾਈ ਚਾਲੂ ਹੋ ਸਕੀ ਸੀ। ਇਸ ਦੌਰਾਨ ਬਿਜਲੀ ਸਪਲਾਈ 'ਚ ਵਿਘਨ ਪੈਣ ਕਾਰਨ ਉਕਤ ਪਿੰਡਾਂ 'ਚ ਪੀਣ ਵਾਲੇ ਪਾਣੀ ਦੀਆਂ ਸਕੀਮਾਂ ਵੀ ਠੱਪ ਹੋ ਗਈਆਂ, ਜਿਸ ਕਾਰਨ ਵਸਨੀਕਾਂ ਨੂੰ ਪਾਣੀ ਦੀ ਕਮੀ ਕਾਰਨ ਭਾਰੀ ਮੁਸ਼ਕਲਾਂ ਦਾ ਸਾਹਮਣਾ ਕਰਨਾ ਪਿਆ। ਇਸ ਦੌਰਾਨ ਜਿੱਥੇ ਲੋਕਾਂ ਨੇ ਪੂਰੀ ਰਾਤ ਭਿਆਨਕ ਗਰਮੀ ਦੌਰਾਨ ਜਾਗਦੇ ਹੋਏ ਬਿਤਾਈ, ਉੱਥੇ ਹੀ ਬੱਚਿਆਂ, ਬਜ਼ੁਰਗਾਂ ਅਤੇ ਬਿਮਾਰ ਨਾਗਰਿਕਾਂ ਨੂੰ ਸਭ ਤੋਂ ਵੱਧ ਪ੍ਰੇਸ਼ਾਨੀ ਝੱਲਣੀ ਪਈ।



## ਸ੍ਰੀ ਅਕਾਲ ਤਖ਼ਤ ਸਾਹਿਬ ਦੀ ਤਾਬਿਆ ਕੌਮੀ ਏਕਤਾ ਹੀ ਸਾਡੀ ਸਭ ਤੋਂ ਵੱਡੀ ਤਾਕਤ : ਗਿਆਨੀ ਕੁਲਦੀਪ ਸਿੰਘ ਗੜਗੱਜ

**ਤਰਨ ਤਾਰਨ ਸਾਹਿਬ/ਅੰਮ੍ਰਿਤਸਰ, 26 ਜੁਲਾਈ (ਆਵਾਜ਼ਿ ਕੌਮ ਬਿਊਰੋ)**-ਸ੍ਰੀ ਅਕਾਲ ਤਖ਼ਤ ਸਾਹਿਬ ਸਿੱਖ ਕੌਮ ਦੀ ਆਜ਼ਾਦ ਹੋਂਦ, ਸਵੈਮਾਨ ਅਤੇ ਹੱਕ-ਸੱਚ ਦਾ ਕੇਂਦਰ ਹੈ, ਜਿਸ ਦੀ ਤਾਬਿਆ ਕੌਮੀ ਏਕਤਾ ਹੀ ਸਾਡੀ ਸਭ ਤੋਂ ਵੱਡੀ ਤਾਕਤ ਹੈ। ਇਹ ਪ੍ਰਗਟਾਵਾ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਸਿੰਘ ਸਾਹਿਬ ਗਿਆਨੀ ਕੁਲਦੀਪ ਸਿੰਘ ਗੜਗੱਜ ਨੇ ਮੀਰੀ ਪੀਰੀ ਖਾਲਸਾ ਮਾਰਚ ਦੀ ਤੀਸਰੇ ਦਿਨ ਗੁਰਦੁਆਰਾ ਸ੍ਰੀ ਦਰਬਾਰ ਸਾਹਿਬ ਤਰਨਤਾਰਨ ਸਾਹਿਬ ਤੋਂ ਅਗਲੇ ਪੜਾਅ ਦੀ ਰਵਾਨਗੀ ਤੋਂ ਪਹਿਲਾਂ ਸੰਗਤਾਂ ਨੂੰ ਸੰਬੋਧਨ ਕਰਦਿਆਂ ਕੀਤਾ। ਜਥੇਦਾਰ ਗਿਆਨੀ ਕੁਲਦੀਪ ਸਿੰਘ ਗੜਗੱਜ ਨੇ ਕਿਹਾ ਕਿ ਇਤਿਹਾਸ ਗਵਾਹ ਹੈ ਕਿ ਸਮੇਂ-ਸਮੇਂ ਹਕੂਮਤਾਂ ਨੇ ਸ੍ਰੀ ਅਕਾਲ ਤਖ਼ਤ ਸਾਹਿਬ ਅਤੇ ਸਿੱਖ ਸੰਸਥਾਵਾਂ ਨੂੰ ਕਮਜ਼ੋਰ ਕਰਨ ਦੇ ਯਤਨ ਕੀਤੇ, ਪਰ ਗੁਰੂ ਦੀ ਬਖ਼ਸ਼ੀ ਕਲਾ ਸਦਕਾ ਸ੍ਰੀ ਅਕਾਲ ਤਖ਼ਤ ਸਾਹਿਬ ਦਾ ਸਿਧਾਂਤ ਹਰ ਸਮੇਂ ਅਡੋਲ ਰਿਹਾ ਅਤੇ ਕੌਮ ਨੂੰ ਸਹੀ ਦਿਸ਼ਾ ਦਿੰਦਾ ਰਿਹਾ ਹੈ। ਉਨ੍ਹਾਂ ਕਿਹਾ ਕਿ ਅੱਜ ਜਦੋਂ ਸਿੱਖ ਕੌਮ ਪੂਰੀ ਦੁਨੀਆ ਵਿੱਚ ਵੱਸਦੀ ਹੈ, ਤਾਂ ਵੀ ਹਰ ਸਿੱਖ ਦਾ ਆਤਮਿਕ ਅਤੇ ਪੰਥਕ ਕੇਂਦਰ ਸ੍ਰੀ ਅਕਾਲ ਤਖ਼ਤ ਸਾਹਿਬ ਹੀ ਹੈ। ਸਾਡੀ ਸਾਂਝੀ ਜ਼ਿੰਮੇਵਾਰੀ ਹੈ ਕਿ ਅਸੀਂ ਦੁਨੀਆ ਦੇ ਕਿਸੇ ਵੀ ਕੋਨੇ ਵਿੱਚ ਰਹਿੰਦੇ ਹੋਏ ਸ੍ਰੀ ਅਕਾਲ ਤਖ਼ਤ ਸਾਹਿਬ ਨਾਲ ਜੁੜੇ ਰਹੀਏ ਅਤੇ ਕੌਮੀ ਏਕਤਾ ਨੂੰ ਹੋਰ ਮਜ਼ਬੂਤ ਕਰੀਏ। ਉਨ੍ਹਾਂ ਕਿਹਾ ਕਿ ਕੌਮੀ ਏਕਤਾ ਹੀ ਸਾਡੀ ਸਭ ਤੋਂ ਵੱਡੀ ਤਾਕਤ ਅਤੇ ਹਰ ਚੁਣੌਤੀ ਦਾ ਹੱਲ ਹੈ। ਜਥੇਦਾਰ ਗੜਗੱਜ ਨੇ ਕਿਹਾ ਕਿ ਮੀਰੀ-ਪੀਰੀ ਖਾਲਸਾ ਮਾਰਚ ਦਾ ਉਦੇਸ਼ ਗੁਰੂ ਗ੍ਰੰਥ ਸਾਹਿਬ ਅਤੇ ਗੁਰੂ ਪੰਥ ਨਾਲ ਸੰਗਤਾਂ ਨੂੰ ਜੋੜਨਾ, ਨੌਜਵਾਨ ਪੀੜ੍ਹੀ ਨੂੰ ਸਿੱਖ ਇਤਿਹਾਸ ਅਤੇ ਮੀਰੀ-ਪੀਰੀ ਦੇ ਮਹਾਨ ਸਿਧਾਂਤਾਂ ਤੋਂ ਜਾਣੂ ਕਰਵਾਉਣਾ ਹੈ। ਉਨ੍ਹਾਂ ਕਿਹਾ ਕਿ ਦੁੱਖ ਦੀ ਗੱਲ ਹੈ ਕਿ ਕੁਝ ਲੋਕ ਸੰਗਤਾਂ ਨੂੰ ਇਸ ਖਾਲਸਾ ਮਾਰਚ ਵਿੱਚ ਸ਼ਾਮਲ ਹੋਣ ਤੋਂ ਰੋਕ ਰਹੇ ਹਨ। ਉਨ੍ਹਾਂ ਕਿਹਾ ਕਿ ਇਸ ਸਬੰਧੀ ਕਈ ਮਾਤਾਵਾਂ ਨੇ ਉਨ੍ਹਾਂ ਤੱਕ ਪਹੁੰਚ ਕੀਤੀ ਹੈ। ਉਨ੍ਹਾਂ ਅਜਿਹੇ ਲੋਕਾਂ ਨੂੰ ਤਾੜਨਾ ਕੀਤੀ ਕਿ ਉਹ ਆਪਣੀਆਂ ਕੋਝੀਆਂ ਹਰਕਤਾਂ ਤੋਂ ਬਾਜ਼ ਆਉਣ। ਉਨ੍ਹਾਂ ਕਿਹਾ ਕਿ ਕਿਸੇ ਵੀ ਵਿਅਕਤੀ ਨੂੰ ਗੁਰਦੁਆਰਾ ਸਾਹਿਬ ਆਉਣ, ਨਗਰ ਕੀਰਤਨ ਜਾਂ ਧਾਰਮਿਕ ਸਮਾਗਮ ਵਿੱਚ ਸ਼ਾਮਲ ਹੋਣ ਤੋਂ ਰੋਕਣਾ ਨਾ ਸਿਰਫ਼ ਗੁਰੂ ਘਰ ਦੀ ਪਰੰਪਰਾ ਦੇ ਵਿਰੁੱਧ ਹੈ, ਸਗੋਂ ਮਨੁੱਖੀ ਅਧਿਕਾਰਾਂ ਦੀ ਭਾਵਨਾ ਦੇ ਵੀ ਉਲਟ ਹੈ। ਅਜਿਹੀ ਮਾੜੀ ਮਾਨਸਿਕਤਾ ਨੂੰ ਪੰਥ ਕਦੇ ਪ੍ਰਵਾਨ ਨਹੀਂ ਕਰ ਸਕਦਾ। ਉਨ੍ਹਾਂ ਸੰਗਤਾਂ ਨੂੰ ਅਪੀਲ ਕੀਤੀ ਕਿ ਉਹ ਆਪਣੀਆਂ ਪੰਥਕ ਸੰਸਥਾਵਾਂ ਨੂੰ ਮਜ਼ਬੂਤ ਕਰਨ ਲਈ ਗੁਰੂ ਸਾਹਿਬਾਨ ਦੇ ਦਰਸਾਏ ਮਾਰਗ 'ਤੇ ਚੱਲਦਿਆਂ ਆਪਸੀ ਭਾਈਚਾਰਕ ਏਕਤਾ ਨਾਲ ਕੌਮ ਦੀ ਚੜ੍ਹਦੀ ਕਲਾ ਲਈ ਆਪਣਾ ਯੋਗਦਾਨ ਪਾਉਣ। ਇਹੀ ਮੀਰੀ-ਪੀਰੀ ਦੀ ਅਸਲ ਭਾਵਨਾ ਹੈ ਅਤੇ ਇਹੀ ਖਾਲਸਾ ਮਾਰਚ ਦਾ ਮੁੱਖ ਸੰਦੇਸ਼ ਹੈ। ਇਸ ਮੌਕੇ ਸੰਬੋਧਨ ਕਰਦਿਆਂ ਸ਼੍ਰੋਮਣੀ ਕਮੇਟੀ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਕਿਹਾ ਕਿ ਮੀਰੀ-ਪੀਰੀ ਖ਼ਾਲਸਾ ਮਾਰਚ ਦਾ ਮੁੱਖ ਮਕਸਦ ਸ੍ਰੀ ਗੁਰੂ ਨਾਨਕ ਦੇਵ ਜੀ ਅਤੇ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਦੇ ਉਸ ਮਹਾਨ ਸੰਦੇਸ਼ ਨੂੰ ਘਰ-ਘਰ ਪਹੁੰਚਾਉਣਾ ਹੈ, ਜੋ ਮਨੁੱਖ ਨੂੰ ਬਰਾਬਰੀ, ਨਿਆਂ, ਸੇਵਾ, ਨਸ਼ਾ-ਮੁਕਤੀ ਅਤੇ ਸਮਾਜਿਕ ਬੁਰਾਈਆਂ ਤੋਂ ਦੂਰ ਰਹਿ ਕੇ ਗੁਰਮਤਿ ਅਨੁਸਾਰ ਜੀਵਨ ਬਤੀਤ ਕਰਨ ਦੀ ਪ੍ਰੇਰਣਾ ਦਿੰਦਾ ਹੈ।



## ਪੰਜਾਬ 'ਚ 19 ਜ਼ਿਲ੍ਹੇ 'ਡਾਰਕ ਜ਼ੋਨ' 'ਚ

**ਚੰਡੀਗੜ੍ਹ, 26 ਜੁਲਾਈ (ਆਵਾਜ਼ਿ ਕੌਮ ਬਿਊਰੋ)**-ਸਾਲ 2025 ਦੌਰਾਨ ਜਦੋਂ ਹੜ੍ਹ ਆਏ ਤਾਂ ਲੱਖਾਂ ਕਿਊਸਿਕ ਲੀਟਰ ਪਾਣੀ ਬਰਬਾਦ ਹੋ ਗਿਆ। ਇਸ ਵਾਰ ਵੀ ਬਾਰਿਸ਼ ਨੂੰ ਦੇਖ ਕੇ ਅਜਿਹਾ ਲੱਗਦਾ ਹੈ ਕਿ ਪਤਾ ਨਹੀਂ ਕਿੰਨਾ ਪਾਣੀ ਆ ਗਿਆ ਹੈ ਪਰ ਅਸਲ 'ਚ ਜ਼ਮੀਨੀ ਹਕੀਕਤ ਇਹ ਹੈ ਕਿ ਅੰਮ੍ਰਿਤਸਰ ਸਮੇਤ ਪੰਜਾਬ ਦੇ 19 ਜ਼ਿਲ੍ਹੇ ਅਤੇ 117 ਬਲਾਕ ਡਾਰਕ ਜ਼ੋਨ 'ਚ ਜਾ ਚੁੱਕੇ ਹਨ। ਸਰਕਾਰ ਅਤੇ ਪ੍ਰਸ਼ਾਸਨ ਵੱਲੋਂ ਰੇਨ ਵਾਟਰ ਰੀਚਾਰਜਿੰਗ ਸਿਸਟਮ ਵੱਲ ਗੰਭੀਰਤਾ ਨਾਲ ਕੰਮ ਨਹੀਂ ਕੀਤਾ ਜਾ ਰਿਹਾ, ਜਿਸ ਕਾਰਨ ਇਸ ਵਾਰ ਵੀ ਬਾਰਿਸ਼ ਦਾ ਲੱਖਾਂ ਕਿਊਸਿਕ ਲੀਟਰ ਪਾਣੀ ਗੰਦੇ ਪਾਣੀ ਤੇ ਸੀਵਰੇਜ 'ਚ ਮਿਲ ਕੇ ਬਰਬਾਦ ਹੋ ਜਾਵੇਗਾ। ਸੱਚਾਈ ਇਹ ਵੀ ਹੈ ਕਿ ਫ਼ੌਜ ਦੇ ਇਲਾਕੇ ਅਤੇ ਇੱਕਾ-ਦੁੱਕਾ ਪੌਸ਼ ਕਾਲੋਨੀਆਂ ਨੂੰ ਛੱਡ ਕੇ ਕਿਤੇ ਵੀ ਰੇਨ ਵਾਟਰ ਰੀਚਾਰਜਿੰਗ ਸਿਸਟਮ ਨਹੀਂ ਲਾਇਆ ਗਿਆ, ਜਿਸ ਨਾਲ ਬਾਰਿਸ਼ ਦਾ ਪਾਣੀ ਰੀਚਾਰਜ ਹੋ ਸਕੇ ਅਤੇ ਦੁਬਾਰਾ ਵਰਤਿਆ ਜਾ ਸਕੇ। ਪਾਣੀ ਦੇ ਸੰਕਟ ਦੀ ਚਰਚਾ 'ਚ ਡਾਰਕ ਜ਼ੋਨ ਦੀ ਗੱਲ ਕਰੀਏ ਤਾਂ ਪਤਾ ਲੱਗਦਾ ਹੈ ਕਿ ਉਹ ਇਲਾਕਾ ਜਿੱਥੇ ਜ਼ਮੀਨ ਹੇਠੋਂ ਪਾਣੀ ਕੱਢਣ ਦੀ ਰਫ਼ਤਾਰ, ਬਾਰਿਸ਼ ਜਾਂ ਕੁਦਰਤੀ ਸ੍ਰੋਤਾਂ ਤੋਂ ਜ਼ਮੀਨ ਦੇ ਅੰਦਰ ਪਾਣੀ ਜਾਣ ਦੀ ਰਫ਼ਤਾਰ ਨਾਲੋਂ ਕਿਤੇ ਵੱਧ ਹੁੰਦੀ ਹੈ। ਸੈਂਟਰਲ ਗਰਾਊਂਡ ਵਾਟਰ ਬੋਰਡ ਨੇ ਪਾਣੀ ਦੀ ਵਰਤੋਂ ਅਤੇ ਰੀਚਾਰਜ ਦੇ ਅਨੁਪਾਤ ਦੇ ਆਧਾਰ 'ਤੇ ਇਲਾਕਿਆਂ ਨੂੰ ਚਾਰ ਸ਼੍ਰੇਣੀਆਂ 'ਚ ਵੰਡਿਆ ਹੈ : ਸੈਮੀ-ਕ੍ਰਿਟੀਕਲ ਇਲਾਕੇ : ਜਿੱਥੇ ਧਰਤੀ ਹੇਠਲੇ ਪਾਣੀ ਦੀ ਵਰਤੋਂ 70 ਤੋਂ 90 ਫ਼ੀਸਦੀ ਦੇ ਵਿਚਕਾਰ ਹੋਵੇ, ਉਹ ਇਲਾਕੇ ਸੈਮੀ-ਕ੍ਰਿਟੀਕਲ ਇਲਾਕਿਆਂ 'ਚ ਆਉਂਦੇ ਹਨ।

ਕ੍ਰਿਟੀਕਲ : ਉਹ ਇਲਾਕੇ ਜਿੱਥੇ ਧਰਤੀ ਹੇਠਲੇ ਪਾਣੀ ਦੀ ਵਰਤੋਂ 90 ਤੋਂ 100 ਫ਼ੀਸਦੀ ਦੇ ਵਿਚਕਾਰ ਚੱਲ ਰਹੀ ਹੋਵੇ, ਉਹ ਇਲਾਕੇ ਕ੍ਰਿਟੀਕਲ ਜ਼ੋਨ 'ਚ ਆਉਂਦੇ ਹਨ ਅਤੇ ਖ਼ਤਰੇ ਦੀ ਘੰਟੀ ਇਨ੍ਹਾਂ ਇਲਾਕਿਆਂ 'ਚ ਸ਼ੁਰੂ ਹੋ ਜਾਂਦੀ ਹੈ।

ਸਭ ਤੋਂ ਖ਼ਤਰਨਾਕ ਕੈਟਾਗਿਰੀ ਮਤਲਬ ਡਾਰਕ ਜ਼ੋਨ : ਉਹ ਇਲਾਕੇ ਜਿੱਥੇ ਧਰਤੀ ਹੇਠਲੇ ਪਾਣੀ ਦੀ ਵਰਤੋਂ 100 ਫ਼ੀਸਦੀ ਤੋਂ ਵੱਧ ਚੱਲ ਰਹੀ ਹੋਵੇ, ਉਹ ਇਲਾਕੇ ਡਾਰਕ ਜ਼ੋਨ ਦੀ ਕੈਟਾਗਿਰੀ 'ਚ ਆਉਂਦੇ ਹਨ। ਨਿਯਮਾਂ ਅਨੁਸਾਰ ਡਾਰਕ ਜ਼ੋਨ ਵਾਲੇ ਇਲਾਕਿਆਂ 'ਚ ਬੋਰਵੈੱਲ, ਟਿਊਬਵੈੱਲ ਆਦਿ ਪੁੱਟਣ 'ਤੇ ਮਨਾਹੀ ਹੁੰਦੀ ਹੈ ਪਰ ਵਿਭਾਗੀ ਅਧਿਕਾਰੀਆਂ ਦੀ ਮਿਲੀਭੁਗਤ ਕਰਕੇ ਧੜੱਲੇ ਨਾਲ ਟਿਊਬਵੈੱਲ ਚੱਲ ਰਹੇ ਹਨ। ਜੋ ਜ਼ਿਲ੍ਹੇ ਡਾਰਕ ਜ਼ੋਨ 'ਚ ਹਨ, ਉਨ੍ਹਾਂ ਵਿਚ ਅੰਮ੍ਰਿਤਸਰ, ਬਰਨਾਲਾ, ਬਠਿੰਡਾ, ਫ਼ਰੀਦਕੋਟ, ਫ਼ਤਿਹਗੜ੍ਹ ਸਾਹਿਬ, ਫ਼ਾਜ਼ਿਲਕਾ, ਫ਼ਿਰੋਜ਼ਪੁਰ, ਗੁਰਦਾਸਪੁਰ, ਜਲੰਧਰ, ਕਪੂਰਥਲਾ, ਲੁਧਿਆਣਾ, ਪਠਾਨਕੋਟ, ਮਾਨਸਾ, ਮੋਗਾ, ਪਟਿਆਲਾ, ਰੂਪਨਗਰ, ਸੰਗਰੂਰ, ਮੋਹਾਲੀ ਅਤੇ ਤਰਨਤਾਰਨ ਦੇ ਨਾਂ ਸ਼ਾਮਲ ਹਨ। ਮਾਲਵਾ 'ਚ ਤਾਂ ਡਾਰਕ ਜ਼ੋਨ ਦੇ ਨਾਲ-ਨਾਲ ਯੂਰੇਨੀਅਮ ਦਾ ਪੱਧਰ ਸੁਰੱਖਿਅਤ ਸੀਮਾ ਨਾਲੋਂ ਕਿਤੇ ਵੱਧ ਹੈ।

# ਜੀਵਨੀ "ਖਾਲਿਸਤਾਨ ਲਿਬਰੇਸ਼ਨ ਫ਼ੋਰਸ ਦਾ ਜੁਝਾਰੂ ਸ਼ਹੀਦ ਭਾਈ ਬਲਦੇਵ ਸਿੰਘ ਦੇਬਾ (ਧੂਰਕੋਟ ਕਲਾਂ)

**ਅਸੀਂ ਤਾਂ ਤੋੜ ਨਿਭਾ ਗਏ, ਅੱਗੋਂ ਤੁਸੀਂ ਨਿਭਾਉਣੀ ਐ।**
**ਦੇ ਗਏ ਸ਼ਹੀਦ ਸੁਨੇਹਾ, ਗਲੋਂ ਗੁਲਾਮੀ ਲਾਹੁਣੀ ਐ।**

ਜੂਨ 1984 'ਚ ਸ੍ਰੀ ਦਰਬਾਰ ਸਾਹਿਬ ਉੱਤੇ ਹੋਏ ਭਿਆਨਕ ਹਮਲੇ ਤੋਂ ਬਾਅਦ ਸਿੱਖ ਕੌਮ ਦੇ ਅਣਖੀ ਸੂਰਮਿਆਂ ਨੇ ਗੁਰੂ ਸਾਹਿਬਾਨ ਵੱਲੋਂ ਬਖ਼ਸ਼ੇ ਸਿਧਾਂਤ ਅਨੁਸਾਰ ਹੱਥਾਂ 'ਚ ਸ਼ਸਤਰ ਚੁੱਕ ਲਏ ਤੇ ਹਿੰਦੁਸਤਾਨ ਦੀਆਂ ਫੋਰਸਾਂ ਦੇ ਨੱਕ 'ਚ ਦਮ ਕਰ ਦਿੱਤਾ। ਹਿੰਦੁਸਤਾਨ ਦੇ ਹਿੰਦੂਤਵੀ ਹੁਕਮਰਾਨਾਂ ਨੇ ਸਮਝਿਆ ਸੀ ਕਿ ਘਲੂਘਾਰੇ ਤੋਂ ਬਾਅਦ ਸਿੱਖ ਸਾਡੇ ਗ਼ੁਲਾਮ ਬਣ ਜਾਣਗੇ ਤੇ ਕਦੇ ਵੀ ਬਾਗੀ ਸੁਰ ਅਪਨਾਉਣ ਦੀ ਜੁਰਅਤ ਨਹੀਂ ਕਰਨਗੇ। ਪਰ ਗੁਰਾਂ ਦੇ ਸੱਚੇ ਪੈਰੋਕਾਰ ਬਣ ਕੇ ਖਾਲਿਸਤਾਨੀ ਜੁਝਾਰੂਆਂ ਨੇ ਸਿਰ-ਧੜ ਦੀ ਬਾਜੀ ਲਾ ਕੇ ਦੇਸ ਪੰਜਾਬ ਦੀ ਪਵਿੱਤਰ ਧਰਤੀ 'ਤੇ ਖਾਲਸਾਈ ਪ੍ਰਭੁਸਤਾ ਦਾ ਝੰਡਾ ਬੁਲੰਦ ਕਰ ਦਿੱਤਾ ਤੇ ਕੌਮ ਦੇ ਦੁਸ਼ਮਣਾਂ ਦਾ ਸਫਾਇਆ ਕਰਕੇ ਸੁਨਹਿਰੀ ਸਿੱਖ ਇਤਿਹਾਸ ਸਿਰਜ ਦਿੱਤਾ। ਇਹ ਉਹ ਵੇਲਾ ਸੀ ਜਦੋਂ ਪੰਜਾਬ ਦਾ ਇੱਕ-ਇੱਕ ਘਰ ਅਨੰਦਗੜ੍ਹ ਦਾ ਕਿਲਾ ਅਤੇ ਚਮਕੌਰ ਦੀ ਗੜ੍ਹੀ ਬਣ ਗਿਆ ਸੀ। ਮਾਲਵੇ ਦੀ ਧਰਤੀ 'ਤੇ ਖਾਲਿਸਤਾਨ ਲਿਬਰੇਸ਼ਨ ਫੋਰਸ ਦੇ ਜਰਨੈਲ ਅਮਰ ਸ਼ਹੀਦ ਭਾਈ ਗੁਰਜੰਟ ਸਿੰਘ ਬੁਧਸਿੰਘ ਵਾਲ਼ਾ ਦੀ ਕਮਾਂਡ ਹੇਠ ਖ਼ਾਲਿਸਤਾਨ ਦੇ ਸੰਘਰਸ਼ 'ਚ ਸਿੱਖ ਕੌਮ ਦੇ ਸੂਰਬੀਰ ਜੁਝਾਰ ਭਾਈ ਬਲਦੇਵ ਸਿੰਘ ਦੇਬਾ ਨੇ ਅਦੁੱਤੀ ਸੇਵਾ ਨਿਭਾਈ ਤੇ ਓਹਨਾਂ ਦੇ ਪਰਿਵਾਰ ਉੱਤੇ ਵੀ ਸਰਕਾਰੀ ਤਸ਼ੱਦਦ ਦੀ ਹਨ੍ਹੇਰੀ ਝੁੱਲੀ ਪਰ ਅਫਸੋਸ ਹੈ ਕਿ ਅੱਜ ਦੀ ਪੀੜ੍ਹੀ ਇਹਨਾਂ ਸ਼ਹੀਦਾਂ ਬਾਰੇ ਅਵੇਸਲੀ ਹੋਈ ਹੈ। ਆਓ ਖਾਲਸਾ ਜੀ, ਪ੍ਰਾਪਤ ਹੋਈ ਜਾਣਕਾਰੀ ਅਨੁਸਾਰ ਆਪਾਂ ਸ਼ਹੀਦ ਭਾਈ ਬਲਦੇਵ ਸਿੰਘ ਦੇਬਾ ਦੇ ਪਰਿਵਾਰਕ ਜੀਵਨ, ਸੰਘਰਸ਼ ਪ੍ਰਤੀ ਸੇਵਾਵਾਂ ਅਤੇ ਸ਼ਹਾਦਤ ਦੇ ਸਫਰ ਨੂੰ ਜਾਣੀਏ।

**ਜਨਮ, ਮਾਤਾ-ਪਿਤਾ, ਪੜ੍ਹਾਈ**-ਸ਼ਹੀਦ ਭਾਈ ਬਲਦੇਵ ਸਿੰਘ ਦੇਬਾ ਦਾ ਜਨਮ 2 ਮਾਰਚ 1965 ਨੂੰ ਮਾਤਾ ਸੁਰਜੀਤ ਕੌਰ ਦੀ ਕੁੱਖ ਤੋਂ ਅਤੇ ਪਿਤਾ ਜਥੇਦਾਰ ਸ. ਕਪੂਰ ਸਿੰਘ ਦੇ ਗ੍ਰਹਿ ਵਿਖੇ ਪਿੰਡ ਧੂੜਕੋਟ ਕਲਾਂ, ਅਜੋਕਾ ਜ਼ਿਲ੍ਹਾ ਮੋਗਾ 'ਚ ਹੋਇਆ। ਬਚਪਨ 'ਚ ਹੀ ਭਾਈ ਬਲਦੇਵ ਸਿੰਘ ਬਹੁਤ ਬਹਾਦਰ ਅਤੇ ਫੁਰਤੀਲਾ ਸੀ ਤੇ ਘਰਦਿਆਂ ਨੇ ਬਹੁਤ ਲਾਡ-ਪਿਆਰ ਨਾਲ ਆਪਣੇ ਪੁੱਤ ਨੂੰ ਪਾਲਿਆ। ਛੇ ਭੈਣ-ਭਰਾਵਾਂ 'ਚੋਂ ਭਾਈ ਬਲਦੇਵ ਸਿੰਘ ਪੰਜਵੇਂ ਨੰਬਰ 'ਤੇ ਸਨ ਤੇ ਉਹਨਾਂ ਨੇ ਆਪਣੇ ਪਿੰਡ ਦੇ ਸਰਕਾਰੀ ਸਕੂਲ ਤੋਂ ਅੱਠ ਕਲਾਸਾਂ ਪਾਸ ਕੀਤੀਆਂ ਸਨ।

**ਸੰਤ ਭਿੰਡਰਾਂਵਾਲ਼ਿਆਂ ਨਾਲ਼ ਮੇਲ**-ਸੰਨ 1983 ਆਪਣੇ ਪਿੰਡ ਦੀ ਸੰਗਤ ਨਾਲ਼ ਭਾਈ ਬਲਦੇਵ ਸਿੰਘ, ਸ੍ਰੀ ਦਰਬਾਰ ਸਾਹਿਬ ਅੰਮ੍ਰਿਤਸਰ ਗਏ ਤਾਂ ਓਥੇ ਦਮਦਮੀ ਟਕਸਾਲ ਦੇ ਚੌਦਵੇਂ ਮੁਖੀ ਸੰਤ ਗਿਆਨੀ ਜਰਨੈਲ ਸਿੰਘ ਜੀ ਖਾਲਸਾ ਭਿੰਡਰਾਂਵਾਲਿਆਂ ਨਾਲ਼ ਮੇਲ ਹੋਇਆ। ਸੰਤਾਂ ਨੇ ਲੰਗਰ ਹਾਲ ਦੀ ਉੱਪਰਲੀ ਛੱਤ 'ਤੇ ਭਾਈ ਬਲਦੇਵ ਸਿੰਘ ਨੂੰ ਗਲਵਕੜੀ 'ਚ ਲਿਆ ਤੇ ਸੰਗਤਾਂ ਦੇ ਇਕੱਠ ਨੂੰ ਸੰਬੋਧਨ ਕਰਦਿਆਂ ਮੌਜੂਦਾ ਹਾਲਾਤਾਂ 'ਤੇ ਗੰਭੀਰ ਵਿਚਾਰ ਪ੍ਰਗਟਾਏ ਤੇ ਭਵਿੱਖ 'ਚ ਸਰਕਾਰ ਨਾਲ਼ ਕਿਵੇਂ ਨਜਿੱਠਣਾ ਹੈ। ਇਸ ਬਾਬਤ ਨੌਜਵਾਨਾਂ ਨੂੰ ਸ਼ਸਤਰਧਾਰੀ ਹੋ ਕੇ ਤਿਆਰ-ਬਰ-ਤਿਆਰ ਰਹਿਣ ਲਈ ਪ੍ਰੇਰਿਆ। ਭਾਈ ਬਲਦੇਵ ਸਿੰਘ ਨੇ ਕਿਹਾ "ਸੰਤ ਜੀ, ਦਾਸ ਦਾ ਸਰੀਰ ਪੰਥ ਲਈ ਹਾਜ਼ਰ ਹੈ। ਮੈਨੂੰ ਨਿਮਾਣੇ ਨੇ ਜਥੇ 'ਚ ਸੇਵਾ ਦਾ ਮੌਕਾ ਬਖਸ਼ੋ। ਜੋ ਕਹੋਗੇ ਸਿਰ ਨਾਲ ਨਿਭਾਵਾਂਗਾ ਤੇ ਦੁਸਮਣ ਦੀ ਹਿੱਕ ਚੀਰ ਕੇ ਆਂਦਰਾਂ ਕਢ ਕੇ ਲਿਆਵਾਂਗਾ....।÷ ਸੰਤਾ ਨੇ ਬਚਨ ਕੀਤਾ ਕਿ ਸਿੰਘ, ਸਮਾਂ ਆਉਣ 'ਤੇ ਬਾਜਾਂ ਵਾਲ਼ਾ ਪ੍ਰੀਤਮ ਤੇਰੇ ਪਾਸੋਂ ਸੇਵਾ ਲਏਗਾ, ਹਰ ਦਮ ਬਾਣੀ ਪੜ੍ਹਿਆ ਕਰ। ਫਿਰ ਭਾਈ ਬਲਦੇਵ ਸਿੰਘ ਵਾਪਸ ਪਿੰਡ ਆ ਗਏ ਪਰ ਸੰਤਾਂ ਨਾਲ਼ ਆਉਣ-ਜਾਣ ਦਾ ਸਬੰਧ ਬਣਾ ਕੇ ਲਗਾਤਾਰ ਧਰਮ ਯੁੱਧ ਮੋਰਚੇ 'ਚ ਹਿੱਸਾ ਲੈਂਦੇ ਰਹੇ।

"**ਖਾਲਿਸਤਾਨ ਦੀ ਅਜ਼ਾਦੀ ਲਈ ਸਰਗਰਮ**-ਮੁਗ਼ਲਾਂ ਅਤੇ ਅਫ਼ਗਾਨਾਂ ਵਾਂਗ ਜੂਨ 1984 ਸੰਤ ਜਰਨੈਲ ਸਿੰਘ ਖਾਲਸਾ ਭਿੰਡਰਾਂਵਾਲੇ ਚ ਬ੍ਰਾਹਮਣੀ ਸਰਕਾਰ ਨੇ ਸ੍ਰੀ ਦਰਬਾਰ ਸਾਹਿਬ ਅਤੇ ਸ੍ਰੀ ਅਕਾਲ ਤਖ਼ਤ ਸਾਹਿਬ ਉੱਤੇ ਟੈਂਕਾਂ-ਤੋਪਾਂ ਨਾਲ ਹਮਲਾ ਕਰ ਦਿੱਤਾ। ਹਜ਼ਾਰਾਂ ਸਿੱਖਾਂ ਦੇ ਖੂਨ ਨਾਲ ਪ੍ਰਕਰਮਾ ਅਤੇ ਸਰੋਵਰ ਲਾਲ ਹੋ ਗਿਆ। ਚਾਰੇ ਪਾਸੇ ਹਾਹਾਕਾਰ ਮੱਚ ਗਈ। ਇਸ ਕਹਿਰ ਦਾ ਪਤਾ ਲੱਗਦਿਆਂ ਭਾਈ ਬਲਦੇਵ ਸਿੰਘ ਦਾ ਹਿਰਦਾ ਵਲੂੰਧਰਿਆ ਗਿਆ ਤੇ ਦਿਨ 'ਚ ਸਰਕਾਰ ਵਿਰੁੱਧ ਵਿਦਰੋਹ ਪੈ ਹੋ ਗਿਆ। ਉਹਨਾਂ ਦੇ ਮਨ 'ਚ ਲੜੋ ਜਾਂ ਮਰੋ ਵਾਲੀ ਸਥਿਤੀ ਪੈਦਾ ਹੋ ਗਈ। ਭਾਈ ਬਲਦੇਵ ਸਿੰਘ ਨੇ ਖਾਲਿਸਤਾਨ ਦੀ ਆਜ਼ਾਦੀ ਲਈ ਸੰਘਰਸ਼ ਦਾ ਰਾਹ ਚੁਣ ਲਿਆ ਤੇ ਇਲਾਕੇ ਦੇ ਜੁਝਾਰੂ ਸਿੰਘਾਂ ਨਾਲ ਮਿਲ ਕੇ ਗੁਪਤ ਤੌਰ 'ਤੇ ਸਰਗਰਮੀਆਂ ਕਰਨੀਆਂ ਸੂਰੂ ਕਰ ਦਿੱਤੀਆਂ।

"**ਅਨੰਦ ਕਾਰਜ**"-ਇਧਰ ਪਰਿਵਾਰ ਨੇ ਅਨੰਦ ਕਾਰਜ ਲਈ ਜੋਰ ਪਾਉਣਾ ਸ਼ੁਰੂ ਕਰ ਦਿੱਤਾ ਪਰ ਭਾਈ ਬਲਦੇਵ ਸਿੰਘ ਆਪਣਾ ਨਿਸ਼ਾਨਾ ਮਿੱਥ ਚੁੱਕੇ ਸਨ। ਰਿਸ਼ਤੇਦਾਰਾਂ ਦੇ ਮਜਬੂਰ ਕਰਨ 'ਤੇ ਭਾਈ ਬਲਦੇਵ ਸਿੰਘ, ਵਿਆਹ ਲਈ ਰਾਜੀ ਹੋ ਗਏ ਤੇ ਉਹਨਾਂ ਦਾ ਅਨੰਦ ਕਾਰਜ ਪੂਰਨ ਗੁਰਮਰਿਯਾਦਾ ਅਨੁਸਾਰ 21 ਜਨਵਰੀ 1985 ਨੂੰ ਬੀਬੀ ਦਰਸ਼ਨ ਕੌਰ ਨਾਲ਼ ਹੋਇਆ। ਅਨੰਦ ਕਾਰਜ ਤੋਂ ਪਿੱਛੋਂ ਭਾਈ ਬਲਦੇਵ ਸਿੰਘ ਜਲਦ ਹੀ ਪੁਲੀਸ ਦੀ ਨਿਗ੍ਹਾ ਚ ਆ ਗਏ।

"**ਮੋਗੇ ਦੀ ਕਚਹਿਰੀ 'ਚ ਗ੍ਰਿਫ਼ਤਾਰੀ ਅਤੇ ਵਹਿਸ਼ੀਆਨਾ ਤਸ਼ੱਦਦ**"-ਥਾਣਾ ਬਾਘਾਪੁਰਾਣਾ ਦੀ ਪੁਲੀਸ ਨੇ ਭਾਈ ਬਲਦੇਵ ਸਿੰਘ ਦੇਬਾ, ਭਾਈ ਬਲਵੀਰ ਸਿੰਘ ਅਤੇ ਭਾਈ ਪਾਲ ਸਿੰਘ ਨੂੰ ਮੋਗੇ ਦੀ ਕਚਹਿਰੀ ਚ ਘੇਰਾ ਪਾ ਕੇ ਗਿਰਫ਼ਤਾਰ ਕਰ ਲਿਆ ਤੇ ਤਿੰਨ ਮਹੀਨੇ ਹਿਰਾਸਤ 'ਚ ਰੱਖ ਕੇ ਵਹਿਸ਼ੀਆਨਾ ਤਸ਼ੱਦਦ ਕੀਤਾ ਤੇ ਫਿਰ ਝੂਠੇ ਕੇਸ ਪਾ ਕੇ ਫਰੀਦਕੋਟ ਦੀ ਜੇਲ੍ਹ ਭੇਜ ਦਿੱਤਾ। ਫਿਰ ਥਾਣਾ ਮਹਿਣਾ ਦੀ ਪੁਲੀਸ ਨੇ ਜੇਲ੍ਹ ਵਿੱਚੋਂ ਭਾਈ ਬਲਦੇਵ ਸਿੰਘ ਨੂੰ ਰਿਮਾਂਡ ਤੇ ਲਿਆ ਕੇ ਕਈ ਕਾਰਵਾਈਆਂ ਬਾਰੇ ਪੁੱਛਿਆ ਤੇ ਅਣਮਨੁੱਖੀ ਤਸੀਹੇ ਦਿੱਤੇ। ਫਿਰ ਕੁਝ ਦਿਨਾਂ ਬਾਅਦ ਥਾਣਾ ਮਹਿਣਾ ਵਿੱਚੋਂ ਕੱਢ ਕੇ ਘੱਲ ਕਲਾਂ ਥਾਣੇ ਲੈ ਗਏ। ਓਥੇ ਭਾਈ ਬਲਦੇਵ ਸਿੰਘ ਦੇ ਪੱਟ ਚੀਰ ਕੇ ਮਿਰਚਾਂ ਪਾਈਆਂ, ਪੁੱਠਾ ਟੰਗ ਕੇ ਕੁੱਟਿਆ। ਪਰ ਗੁਰੂ ਕਾ ਲਾਲ 'ਚੌਪਈ ਸਾਹਿਬ▾ ਦੀ ਬਾਣੀ ਪੜਦਾ 'ਰਿਹਾ ਤੇ ਪੁਲੀਸ ਹਰ ਤਰ੍ਹਾਂ ਦਾ ਘੋਰ ਤਸ਼ੱਦਦ ਕਰਕੇ ਵੀ ਇਸ ਸੂਰਮੇ ਦੇ ਮੂੰਹ 'ਚੋਂ ਜਥੇਬੰਦੀ ਦਾ ਭੇਦ ਨਾ ਕਢਵਾ ਸਕੀ। ਜਦ ਕੁਝ ਨਾ ਪ੍ਰਾਪਤ ਹੋਇਆ ਤਾਂ ਪੁਲੀਸ ਨੇ ਭਾਈ ਬਲਦੇਵ ਸਿੰਘ ਨੂੰ ਸੰਗਰੂਰ ਜੇਲ੍ਹ 'ਚ ਬੰਦ ਕਰ ਦਿੱਤਾ। ਸੰਗਰੂਰ ਜੇਲ੍ਹ 'ਚ ਭਾਈ ਬਲਦੇਵ ਸਿੰਘ ਦਾ ਸੰਪਰਕ ਕਾਫੀ ਜੁਝਾਰੂ ਸਿੰਘਾਂ ਨਾਲ ਹੋਇਆ ਤੇ ਜੇਲ ਚ ਹੀ ਇਹਨਾਂ ਸੂਰਮਿਆਂ ਨੇ ਭਵਿੱਖ ਦੀ ਅਗਲੀ ਰਣਨੀਤੀ ਤਿਆਰ ਕਰ ਲਈ ਸੀ।

"**ਜਮੀਨ ਵੇਚ ਕੇ ਰਿਹਾਈ ਕਰਵਾਈ**"- ਢਾਈ ਸਾਲ ਬਾਅਦ ਪਰਿਵਾਰ ਨੇ ਇੱਕ ਕਿੱਲਾ ਜਮੀਨ ਵੇਚ ਕੇ ਬੜੀ ਮੁਸ਼ਿਕਲ ਨਾਲ ਭਾਈ ਬਲਦੇਵ ਸਿੰਘ ਨੂੰ ਜ਼ਮਾਨਤ 'ਤੇ ਰਿਹਾਅ ਕਰਵਾਇਆ। ਪਰ ਪੁਲੀਸ ਨੇ ਭਾਈ ਸਾਹਿਬ ਦਾ ਖਹਿੜਾ ਨਾ ਛੱਡਿਆ ਤੇ ਨਿੱਤ ਦਿਨ ਤੰਗ-ਪ੍ਰੇਸ਼ਾਨ ਕਰਦੇ ਰਹੇ।

"**ਘਰ ਤੋਂ ਗ੍ਰਿਫ਼ਤਾਰੀ**"-ਜਥੇਦਾਰ ਭਾਈ ਗੁਰਜੰਟ ਸਿੰਘ ਬੁੱਧਸਿੰਘ




ਵਾਲਾ ਦੀ ਅਗਵਾਈ 'ਚ ਖ਼ਾਲਿਸਤਾਨ ਲਿਬਰੇਸ਼ਨ ਫ਼ੋਰਸ ਦੇ ਜੁਝਾਰੂਆਂ ਨੇ ਜਦ ਮੋਗੇ ਦੀ ਨਹਿਰੂ ਪਾਰਕ 'ਚ ਆਰ.ਐੱਸ.ਐੱਸ ਵਾਲਿਆਂ ਤੇ ਬੰਬਾਂ-ਗੋਲੀਆਂ ਦਾ ਮੀਂਹ ਵਰ੍ਹਾ ਦਿੱਤਾ ਤਾਂ 12 ਬੰਦੇ ਮਾਰੇ ਗਏ ਤੇ ਅਨੇਕਾਂ ਜ਼ਖ਼ਮੀ ਹੋ ਗਏ। ਇਸ ਕਾਰਵਾਈ ਤੋਂ ਬਾਅਦ ਸਿੰਘ-ਸੂਰਮੇ ਖ਼ਾਲਸਾਈ ਜੇਕਾਰੇ ਲਾਉਂਦੇ ਹੋਏ ਨਿਕਲ ਗਏ ਤੇ ਓਸੇ ਰਾਤ ਪੰਜਾਬ ਪੁਲੀਸ ਅਤੇ ਸੀ.ਆਰ.ਪੀ ਨੇ ਭਾਈ ਬਲਦੇਵ ਸਿੰਘ ਦੇ ਘਰ ਨੂੰ ਘੇਰਾ ਪਾ ਲਿਆ ਤੇ ਫਾਇਰਿੰਗ ਕਰਕੇ ਸਾਰੇ ਪਿੰਡ ਨੂੰ ਜਗਾ ਦਿੱਤਾ। ਭਾਈ ਬਲਦੇਵ ਸਿੰਘ ਦੇਬਾ ਨੂੰ ਰਾਤ ਘਰੋਂ ਪੁਲੀਸ ਚੁੱਕ ਕੇ ਲੈ ਗਈ। ਦਿਨ ਚੜ੍ਹਨ 'ਤੇ ਪਿੰਡ ਦੀ ਪੰਚਾਇਤ ਮੋਗੇ ਥਾਣੇ ਪਹੁੰਚੀ ਤੇ ਭਾਈ ਬਲਦੇਵ ਸਿੰਘ ਨੂੰ ਛੁਡਾ ਕੇ ਲਿਆਈ।

"**ਭਾਈ ਖੁਖਰਾਣਾ ਨਾਲ਼ ਪੱਗ ਵਟਾਈ**"- ਭਾਈ ਬਲਦੇਵ ਸਿੰਘ ਦੇਬਾ ਦਾ ਖਾਲਿਸਤਾਨ ਲਿਬਰੇਸ਼ਨ ਫੋਰਸ ਦੇ ਜਥੇਦਾਰ ਭਾਈ ਗੁਰਜੰਟ ਸਿੰਘ ਬੁੱਧਸਿੰਘ ਵਾਲਾ ਅਤੇ ਭਾਈ ਕੁਲਵੰਤ ਸਿੰਘ ਖੁਖਰਾਣਾ ਨਾਲ ਬਹੁਤ ਪਿਆਰ ਸੀ ਤੇ ਜਥੇਬੰਦੀ ਦੇ ਸਿੰਘਾਂ ਨੂੰ ਭਾਈ ਬਲਦੇਵ ਸਿੰਘ ਨੇ ਇਹ ਕਿਹਾ ਹੋਇਆ ਸੀ ਕਿ "ਮੇਰਾ ਅਨੰਦ ਕਾਰਜ ਨਹੀਂ ਹੋਇਆ।" ਕਿਉਂਕਿ ਗ੍ਰਹਿਸਤੀ ਮਾਰਗ 'ਚ ਪੈ ਚੁੱਕੇ ਸਿੰਘਾਂ ਉੱਤੇ ਘਰ-ਪਰਿਵਾਰ ਦੀਆਂ ਜਿੰਮੇਵਾਰੀਆਂ ਹੋਣ ਕਰਕੇ ਜਥੇਬੰਦੀ ਵੱਲੋਂ ਉਹਨਾਂ ਨੂੰ ਘਰ-ਪਰਿਵਾਰ ਤਿਆਗਣ ਦੀ ਹਦਾਇਤ ਨਹੀਂ ਸੀ ਤੇ ਅਜਿਹੇ ਸਿੰਘਾਂ ਨੂੰ ਘਰੇ ਰਹਿਣ ਦਾ ਹੁਕਮ ਸੀ ਅਤੇ ਲੋੜ ਪੈਣ 'ਤੇ ਹੀ ਗੁਪਤ ਤੌਰ 'ਤੇ ਉਹਨਾਂ ਪਾਸੋਂ ਸੇਵਾਵਾਂ ਲਈਆਂ ਜਾਂਦੀਆਂ ਸਨ। ਇਲਾਕੇ 'ਚ ਵਿਚਰਦਿਆਂ ਰਾਤ ਦੇ ਸਮੇਂ ਭਾਈ ਬਲਦੇਵ ਸਿੰਘ ਦੇਬਾ ਆਪਣੇ ਘਰ ਜਥੇਬੰਦੀ ਦੇ ਜੁਝਾਰੂ ਭਾਈ ਗੁਰਜੰਟ ਸਿੰਘ ਬੁੱਧਸਿੰਘ ਵਾਲ਼ਾ, ਭਾਈ ਕੁਲਵੰਤ ਸਿੰਘ ਖੁਖਰਾਣਾ, ਭਾਈ ਲੱਖਾ ਸਿੰਘ ਧੱਲੇਕੇ, ਭਾਈ ਦਰਸ਼ਨ ਸਿੰਘ ਬਿੱਲਾ, ਭਾਈ ਬਲਵੰਤ ਸਿੰਘ ਤਖਾਣਬੱਧ, ਭਾਈ ਮਨਜੀਤ ਸਿੰਘ ਮਿੰਨੀ-ਬਾਬਾ ਆਦਿ ਨਾਲ਼ ਲੰਗਰ ਛਕਣ ਆਏ। ਜਥੇਬੰਦੀ ਦੇ ਸਿੰਘਾਂ ਨੂੰ ਉਸ ਵੇਲੇ ਪਤਾ ਲਗ ਗਿਆ ਕਿ ਭਾਈ ਬਲਦੇਵ ਸਿੰਘ ਤਾਂ ਵਿਆਹਿਆ ਹੋਇਆ ਹੈ। ਭਾਈ ਕੁਲਵੰਤ ਸਿੰਘ ਖੁਖਰਾਣਾ ਨੇ ਬੜੀ ਸਖ਼ਤੀ ਨਾਲ ਕਿਹਾ ਕਿ "ਭਾਈ ਬਲਦੇਵ ਸਿੰਘ ਹੁਣ ਅੱਜ ਤੋਂ ਆਪਣੇ ਘਰ ਹੀ ਰਹੇਗਾ ਕਿਉਂਕਿ ਮਾਲੀਆਂ ਤੋਂ ਬਿਨਾਂ ਬਾਗ. ਵੀਰਾਨ ਹੋ ਜਾਂਦੇ ਹਨ ਤੇ ਬਲਦੇਵ ਸਿੰਘ ਨੇ ਤਾਂ ਪਹਿਲਾਂ ਹੀ ਆਪਣੇ ਪਿੰਡੇ 'ਤੇ ਬਹੁਤ ਤਸੰਦਦ ਝੱਲਿਆ ਹੈ ਤੇ ਉਹਨਾਂ ਦੇ ਬੱਚੇ ਨਵਦੀਪ ਸਿੰਘ ਦੀ ਹਾਲੇ ਉਮਰ ਵੀ ਮਸਾਂ 9 ਕੁ ਮਹੀਨਿਆਂ ਦੀ ਹੈ। ਪਰ ਭਾਈ ਬਲਦੇਵ ਸਿੰਘ ਨੇ ਖਾਲਿਸਤਾਨ ਦੇ ਸੰਘਰਸ਼ 'ਚ ਸੇਵਾ ਕਰਨ ਲਈ ਆਪਣੀ ਦ੍ਰਿੜਤਾ ਮੁੜ ਦੁਹਰਾਈ ਤੇ ਕਿਹਾ ਕਿ ਹੁਣ ਪਿੱਛੇ ਨਹੀਂ ਹਟਾਂਗਾ... । ਮੇਰੇ ਪਰਿਵਾਰ ਦੀ ਰੱਖਿਆ ਗੁਰੂ ਸਾਹਿਬ ਆਪ ਹੀ ਹੀ ਕਰਨਗੇ। ਭਾਈ ਕੁਲਵੰਤ ਸਿੰਘ ਖੁਖਰਾਣਾ ਨੇ ਦੁਬਾਰਾ ਕਿਹਾ ਕਿ "ਸਾਡੇ ਸਾਰੇ ਸਿੰਘਾਂ ਦਾ ਇਹ ਫ਼ੈਸਲਾ ਹੈ ਕਿ ਬਲਦੇਵ ਸਿੰਘ ਹੁਣ ਘਰ ਰਹਿ ਕੇ ਹੀ ਕੌਮੀ ਸੇਵਾ 'ਚ ਬਣਦਾ ਹਿੱਸਾ ਪਾਵੇਗਾ।÷ ਭਾਈ ਬਲਦੇਵ ਸਿੰਘ ਦੇਬਾ ਨੇ ਕਿਹਾ ਕਿ "ਜੇ ਭਾਈ ਕੁਲਵੰਤ ਸਿੰਘ ਖੁਖਰਾਣਾ ਪੱਗ ਵਟਾ ਕੇ ਮੇਰਾ ਭਰਾ ਬਣ ਜਾਵੇ ਤਾਂ ਮੈਂ ਇਹ ਗੱਲ ਮੰਨ ਲਵਾਂਗਾ।" ਉਸ ਰਾਤ ਭਾਈ ਕੁਲਵੰਤ ਸਿੰਘ ਖੁਖਰਾਣਾ ਅਤੇ ਭਾਈ ਬਲਦੇਵ ਸਿੰਘ ਦੇਬਾ ਦੋਵਾਂ ਨੇ ਆਪਣੀਆਂ ਦਸਤਾਰਾਂ ਵਟਾਈ ਤੇ ਕੁਲਵੰਤ ਸਿੰਘ ਨੇ ਸਾਰੇ ਸਿੰਘਾਂ ਨੂੰ ਖੁਸ਼ੀ ਚ ਮਿੱਠੀਆਈ ਖਵਾਈ। ਦਿਨ ਚੜ੍ਹਦਿਆਂ ਨੂੰ ਜਦ ਭਾਈ ਗੁਰਜੰਟ ਸਿੰਘ ਬੁੱਧਸਿੰਘਵਾਲਾ ਅਤੇ ਭਾਈ ਕੁਲਵੰਤ ਸਿੰਘ ਖੁਖਰਾਣਾ, ਪਰਿਵਾਰ ਨੂੰ ਫ਼ਤਹਿ ਗਜਾ ਕੇ ਚਾਲੇ ਪਾਉਣ ਲੱਗੇ ਤਾਂ ਭਾਈ ਬਲਦੇਵ ਸਿੰਘ ਨੇ ਕਿਹਾ ਕਿ "ਰਾਤ ਪਗ ਵਟਾ ਕੇ ਤੁਸੀਂ ਮੇਰੇ ਭਰਾ ਬਣੇ ਸੀ ਤੇ ਹੁਣ ਭਰਾ ਨੂੰ ਇਕੱਲਿਆਂ ਘਰ ਛੱਡ ਚਲ ਓ÷। ਮੈਂ ਆਪਣੇ ਭਰਾਵਾਂ ਤੋਂ ਬਿਨਾਂ ਜਿਉਂਦਾ ਨਹੀਂ ਰਹਿ ਸਕਦਾ। ਇਹ ਗੱਲ ਸੁਣ ਕੇ ਸਾਰਿਆਂ ਨੇ ਇੱਕ-ਦੂਜੇ ਨੂੰ ਘੁੱਟ-ਘੁੱਟ ਕੇ ਜੱਫੀਆਂ ਪਾਈਆਂ। ਫਿਰ ਪਰਿਵਾਰ ਤੋਂ ਆਗਿਆ ਲੈ ਕੇ ਭਾਈ ਬਲਦੇਵ ਸਿੰਘ ਦੇਬਾ ਵੀ ਜਥੇਦਾਰ ਭਾਈ ਗੁਰਜੰਟ ਸਿੰਘ ਬੁਧਸਿੰਘ ਵਾਲ਼ਾ ਨਾਲ਼ ਚਲਿਆ ਗਿਆ ਤੇ ਮੁੜ ਕਦੇ ਵਾਪਸ ਘਰ ਨਾ ਆਇਆ।

"**ਪੁਲੀਸ ਨੇ ਨੌਂ ਮਹੀਨਿਆਂ ਦੇ ਬੱਚੇ ਦੀ ਲੱਤ ਭੰਨੀ**"-

ਭਾਈ ਬਲਦੇਵ ਸਿੰਘ ਦੇਬਾ ਜਦ ਰੂਪੋਸ਼ ਹੋ ਗਿਆ ਤਾਂ ਮਗਰੋਂ ਪਰਿਵਾਰ ਨੂੰ ਪੁਲੀਸ ਬਹੁਤ ਤੰਗ ਪ੍ਰੇਸ਼ਾਨ ਕਰਦੀ ਰਹੀ। ਮਾਤਾ ਸੁਰਜੀਤ ਕੌਰ ਤੇ ਭਰਾ ਸੁਖਦੇਵ ਸਿੰਘ ਨੂੰ ਥਾਣਾ ਮਹਿਣਾ ਦੀ ਪੁਲੀਸ ਫੜ ਕੇ ਲੈ ਜਾਂਦੀ ਸੀ ਤੇ ਭਾਈ ਬਲਦੇਵ ਸਿੰਘ ਨੂੰ ਪੁਲੀਸ ਅੱਗੇ ਪੇਸ਼ ਕਰਾਉਣ ਲਈ ਤਸ਼ਦਦ ਕਰਦੀ ਸੀ। ਭਾਈ ਬਲਦੇਵ ਸਿੰਘ ਦੀ ਸਿੰਘਣੀ ਬੀਬੀ ਦਰਸ਼ਨ ਕੌਰ ਨੂੰ ਅਤੇ ਉਸ ਦੇ ਨੌਂ ਮਹੀਨੇ ਦੇ ਬੱਚੇ ਨਵਦੀਪ ਸਿੰਘ ਨੂੰ ਵੀ ਥਾਣਾ ਮਹਿਣਾ ਦੀ ਪੁਲੀਸ ਨੇ ਜਬਰਦਸਤੀ ਘਰੋਂ ਚੁੱਕ ਲਿਆ। ਜਦ ਡਾਲਾ ਪਿੰਡ ਦੀ ਸੰਗਤ ਨੂੰ ਇਸ ਗੱਲ ਦਾ ਪਤਾ ਲਗਾ ਤਾਂ ਪੰਚਾਇਤ ਨੇ ਪਲਾਂ 'ਚ ਇਕੱਠਿਆਂ ਕੇ ਅੱਗੋਂ ਪੁਲੀਸ ਦੀ ਬੱਸ ਨੂੰ ਰੋਕ ਲਿਆ ਅਤੇ ਬੀਬੀ ਚੁਕ ਲਿਆ। ਜਦ ਡਾਲਾ ਪਿੰਡ ਦੀ ਸੰਗਤ ਨੂੰ ਇਸ ਗਨ ਦਾ ਪਤਾ ਲਗਾ ਤਾਂ ਪੰਚਾਇਤ ਨੇ ਪਲਾਂ 'ਚ ਇਕੱਠਿਆਂ ਹੋ ਕੇ ਅੱਗੋਂ ਪੁਲੀਸ ਦੀ ਬੱਸ ਨੂੰ ਰੋਕ ਲਿਆ ਅਤੇ ਬੀਬੀ ਦਰਸ਼ਨ ਕੌਰ ਤੇ ਬਚੇ ਨਵਦੀਪ ਸਿੰਘ ਨੂੰ ਪੁਲੀਸ ਦੀ ਹਿਰਾਸਤ ਚੋਂ ਛੁਡਾਉਣ ਲਈ ਵਿਰੋਧ ਕੀਤਾ। ਪਰ ਹੰਕਾਰੇ ਹੋਏ ਦੁਸਟ ਪੁਲੀਸ ਅਫ਼ਸਰਾਂ ਨੇ ਲੋਕਾਂ ਦੀ ਕੋਈ ਪਰਵਾਹ ਨਾ ਕੀਤੀ। ਰਸਤੇ 'ਚ ਪੁਲੀਸ ਨੇ ਸੂਏ ਦੇ ਪੁਲ ਉੱਤੇ ਬੱਸ ਰੋਕੀ ਤੇ ਬੀਬੀ ਦਰਸਨ ਕੌਰ ਨੂੰ ਥੱਲੇ ਲਾਹ ਕੇ ਮੰਦੇ ਬੋਲ ਬੋਲੇ ਤੇ ਬੀਬੀ ਦੇ ਸਰੀਰ ਉੱਤੇ ਪੁਲੀਸ ਨੇ ਰਫ਼ਲਾਂ ਦੇ ਨੂੰਬੱਟ ਮਾਰਨੇ ਸ਼ੁਰੂ ਕਰ ਦਿੱਤੇ। ਮੁਗ਼ਲ ਹਾਕਮ ਮੀਰ ਮਨੂੰ ਦੇ ਜ਼ੁਲਮਾਂ ਨੂੰ ਵੀ ਮਾਤ ਪਾਉਂਦਿਆਂ ਪੰਜਾਬ ਪੁਲੀਸ ਦੇ ਦਰਿੰਦਿਆਂ ਨੇ ਬੀਬੀ ਦਰਸ਼ਨ ਕੌਰ ਦੀ ਗੋਦ ਚੋਂ ਨੌਂ ਮਹੀਨੇ ਦੇ ਕੋਮਲ ਜਿਹੇ ਬੱਚੇ ਨੂੰ ਖੋਹ ਕੇ ਜੋਰ ਨਾਲ ਬੱਸ ਦੇ ਟਾਇਰ ਨਾਲ ਮਾਰਿਆ। ਮਸੂਮ ਬੱਚੇ ਦੀ ਲੱਤ ਦੀ ਹੱਡੀ ਟੁੱਟ ਗਈ ਤੇ ਬੱਚੇ ਦੀਆਂ ਅਸਮਾਨ ਪਾੜਦੀਆਂ ਚੀਕਾਂ ਨਿਕਲੀਆਂ। ਮਾਂ ਦੀ ਰੂਹ ਕੰਬ ਗਈ, ਬੀਬੀ ਦਰਸਨ ਕੌਰ ਨੇ ਧੱਕੇ ਨਾਲ ਪੁਲਸੀਆਂ ਤੋਂ ਆਪਣੀ ਬਾਂਹ ਛਡਾਈ ਤੇ ਰੋਂਦੇ ਹੋਏ ਬੱਚੇ ਨੂੰ ਘੁੱਟ ਕੇ ਆਪਣੇ ਸੀਨੇ ਨਾਲ ਲਾਇਆ। ਹੱਡੀ ਟੁੱਟ ਜਾਣ ਕਾਰਨ ਬੱਚੇ ਕੋਲੋਂ ਪੀੜ ਜਰੀ ਨਹੀਂ ਸੀ ਜਾਂਦੀ ਤੇ ਬੱਚੇ ਦਾ ਰੋ-ਰੋ ਕੇ ਬੁਰਾ ਹਾਲ ਹੋ ਗਿਆ। (ਨੋਟ- ਅਨੇਕਾਂ ਇਲਾਜ ਕਰਵਾਉਣ ਤੇ ਬਾਅਦ ਅੱਜ ਤਕ ਵੀ ਨਵਦੀਪ ਸਿੰਘ ਦੀ ਲਤ ਠੀਕ ਨਹੀਂ ਹੋ ਸਕੀ, ਉਹ ਜਵਾਨ ਹੋ ਚੁੱਕਾ ਹੈ ਤੇ ਲੰਗੜਾ ਕੇ ਤੁਰਦਾ ਹੈ)। ਥਾਣਾ ਮਹਿਣਾ ਲਿਜਾ ਕੇ ਪੁਲੀਸ ਨੇ ਬੀਬੀ ਦਰਸ਼ਨ ਕੌਰ ਨੂੰ ਹਵਾਲਾਤ 'ਚ ਬੰਦ ਕਰ ਦਿੱਤਾ ਤੇ ਲੱਤ ਭੰਨੀ ਹੋਣ ਕਾਰਨ ਬੱਚਾ ਦਿਨ-ਰਾਤ ਸਲਾਖਾਂ 'ਚ ਕੈਦ ਹੋਇਆ ਮਾਂ ਦੇ ਸਾਮ੍ਹਣੇ ਤੜਫਦਾ ਰਿਹਾ।

"**ਪੁਲੀਸ ਨੇ ਘਰ ਨੂੰ ਅੱਗ ਲਗਾਈ**"-ਪੁਲੀਸ ਦੇ ਜ਼ੁਲਮਾਂ ਦੀ ਸਤਾਈ ਬੀਬੀ ਦਰਸਨ ਕਰ ਨੂੰ ਘਰੋਂ ਬੇ-ਘਰ ਹੋਣਾ ਪਿਆ, ਕਈ ਮਹੀਨ ਰਿਸ਼ਤੇਦਾਰਾਂ ਦੇ ਘਰਾਂ 'ਚ ਰਹਿ ਕੇ ਗੁਜ਼ਾਰਾ ਕੀਤਾ। ਭਾਈ ਬਲਦੇਵ ਸਿੰਘ ਦੇ ਘਰ ਨੂੰ ਪੁਲੀਸ ਨੇ ਚੌਂਕੀ ਹੀ ਬਣਾ ਲਿਆ। ਭਾਈ ਸਾਹਿਬ ਨੂੰ ਫੜਨ ਲਈ ਪੁਲੀਸ ਨੇ ਪੰਜਾਬ ਦਾ ਚੱਪਾ-ਚੱਪਾ ਛਾਣ ਮਾਰਿਆ ਪਰ ਗੁਰੂ ਕਾ ਬਾਜ ਇਹਨਾਂ ਗਿੱਦੜ ਟੋਲੀਆਂ ਦੇ ਹੱਥ ਨਾ ਆਇਆ। ਆਖਰ ਪੁਲੀਸ ਨੇ ਭਾਈ ਬਲਦੇਵ ਸਿੰਘ ਦੇਬਾ ਦੇ ਘਰ ਦਾ ਕੀਮਤੀ ਸਮਾਨ ਕਬਜੇ 'ਚ ਲੈ ਲਿਆ ਤੇ ਫਿਰ ਮਿੱਟੀ ਦਾ ਤੇਲ ਪਾ ਕੇ ਘਰ ਨੂੰ ਅੱਗ ਲਾ ਦਿੱਤੀ ਤੇ ਪਸ਼ੂਆਂ ਨੂੰ ਪਿੰਡ ਚ ਖੁੱਲਿਆਂ ਛੱਡ ਦਿੱਤਾ।

"**ਦੁਸ਼ਟਾਂ ਦੀ ਸੁਧਾਈ**"-ਹਥਿਆਰਬੰਦ ਸੰਘਰਸ਼ ਦੌਰਾਨ ਭਾਈ ਬਲਦੇਵ ਸਿੰਘ ਦੇਬਾ ਨੇ ਖ਼ਾਲਿਸਤਾਨ ਲਿਬਰੇਸ਼ਨ ਫ਼ੋਰਸ ਅਤੇ ਖਾਲਿਸਤਾਨ ਕਮਾਂਡੋ ਫੋਰਸ ਦੇ ਜੁਝਾਰੂਆਂ ਨਾਲ਼ ਕਈ ਚੋਟੀ ਦੀਆਂ ਕਾਰਵਾਈਆਂ 'ਚ ਵੱਧ-ਚੜ੍ਹ ਕੇ ਹਿੱਸਾ ਲਿਆ। ਜਗਰਾਉਂ ਵਾਲੇ ਮੁਕਾਬਲੇ 'ਚ ਭਾਈ ਕੁਲਵੰਤ ਸਿੰਘ ਖੁਖਰਾਣਾ ਨਾਲ ਮਿਲ ਕੇ ਉਹਨਾਂ ਨੇ ਸੀ.ਆਰ.ਪੀ. ਦੀਆਂ ਗੱਡੀਆਂ ਬੰਬ ਨਾਲ ਉਡਾ ਦਿੱਤੀਆਂ। ਬਰਨਾਲੇ ਸ਼ਹਿਰ 'ਚ ਸਦਰ ਥਾਣੇ ਦੇ ਛੇ ਦੁਸ਼ਟ ਪੁਲਸੀਆਂ ਨੂੰ ਨਰਕਾਂ ਦੀਆਂ ਟਿਕਟਾਂ ਦਿੱਤੀਆਂ।

ਆਵਾਜ਼ਿ ਕੌਮ AWAZE QAUM International Newspaper & WEB TV

ਬਦੋਵਾਲ ਦੇ ਮੁਕਾਬਲੇ ਚ ਭਾਈ ਗੁਰਜੰਟ ਸਿੰਘ ਬੁੱਧਸਿੰਘ ਵਾਲਾ ਦੇ ਨਾਲ ਭਾਈ ਗੁਰਚਰਨ ਸਿੰਘ ਮਹਿਣਾ, ਭਾਈ ਚਮਕੌਰ ਸਿੰਘ ਡਾਲਾ ਅਤੇ ਭਾਈ ਬਲਦੇਵ ਸਿੰਘ ਦੇਬਾ ਵੀ ਸੀ ਤੇ ਪੁਲੀਸ ਦੀਆਂ ਧਾੜਾਂ ਦੇ ਸੱਥਰ ਵਿਛਾਉਂਦੇ ਹੋਏ ਚਾਰੇ ਜੂਝਾਰੂ ਘੇਰਾ ਤੋੜ ਕੇ ਬਚ ਨਿਕਲੇ। ਸ਼ਹੀਦ ਭਾਈ ਬਲਦੇਵ ਸਿੰਘ ਦੇਬਾ ਨੇ ਕਈ ਕੈਟਾਂ, ਗੱਦਾਰਾਂ, ਟਾਊਟਾਂ, ਪੰਥ ਦੋਖੀਆਂ, ਬੁੱਚੜਾਂ ਤੇ ਪੁਲੀਸ ਅਫ਼ਸਰਾਂ ਅਤੇ ਹਿੰਦੁਸਤਾਨੀ ਫੋਰਸਾਂ ਦੀ ਰੱਜ ਕੇ ਸੁਧਾਈ ਕੀਤੀ।

"**ਨਿਮਰਤਾ ਅਤੇ ਦਲੇਰੀ**"-ਭਾਈ ਬਲਦੇਵ ਸਿੰਘ ਦੇ ਸੁਭਾਅ 'ਚ ਬਹੁਤ ਨਿਮਰਤਾ ਸੀ ਤੇ ਦਲੇਰੀ ਵੀ ਐਨੀ ਸੀ ਕਿ ਇਕੱਲੇ ਹੀ ਥਾਣੇ 'ਤੇ ਜਾ ਕੇ ਧਾਵਾ ਬੋਲ ਦਿੰਦੇ ਸਨ। ਉਹਨਾਂ ਨੇ ਕਦੇ ਵੀ ਆਪਣਾ ਆਪ ਨਹੀਂ ਸੀ ਜਤਾਇਆ। ਐਕਸ਼ਨਾਂ ਦੀਆਂ ਜ਼ਿੰਮੇਵਾਰੀਆਂ ਲੈਣ ਸਮੇਂ ਅਖਬਾਰਾਂ 'ਚ ਆਪਣਾ ਨਾਂਅ ਦੇਣ ਤੋਂ ਗੁਰੇਜ ਕਰਦੇ ਸਨ ਕਿਉਂਕਿ ਉਹਨਾਂ ਦੇ ਮਨ 'ਚ ਰੱਤੀ ਭਰ ਵੀ ਆਪਣਾ ਨਾਂ ਚਮਕਾਉਣ ਦੀ ਲਾਲਸਾ ਨਹੀਂ ਸੀ। ਹਰ ਦਮ ਬਾਣੀ ਪੜਿਆ ਕਰਦੇ ਸਨ। ਅੰਮ੍ਰਿਤ ਛਕਣ ਤੋਂ ਬਾਅਦ ਕਦੇ ਵੀ ਨਿੱਤਨੇਮ ਤੇ ਅੰਮ੍ਰਿਤ ਵੇਲਾ ਨਹੀਂ ਸੀ ਖੁੰਝਣ ਦਿੱਤਾ। ਹਰ ਐੱਕਸ਼ਨ ਤੋਂ ਪਹਿਲਾਂ ਅਤੇ ਬਾਅਦ 'ਚ ਅਰਦਾਸ ਕਰਕੇ ਸਤਿਗੁਰਾਂ ਦਾ ਸ਼ੁਕਰਾਨਾ ਕਰਦੇ ਸਨ। ਜਥੇਦਾਰ ਭਾਈ ਗੁਰਜੰਟ ਸਿੰਘ ਬੁੱਧਸਿੰਘ ਵਾਲ਼ਾ ਅਤੇ ਭਾਈ ਕੁਲਵੰਤ ਸਿੰਘ ਖੁਖਰਾਣਾ ਨਾਲ਼ ਉਹ ਪ੍ਰਛਾਵੇਂ ਵਾਂਗ ਰਹੇ। ਉਹਨਾਂ ਦਾ ਘਰ-ਬਾਰ ਉੱਜੜ ਗਿਆ, ਪਰਿਵਾਰ 'ਤੇ ਜ਼ੁਲਮ ਦੇ ਝੱਖੜ ਝੁੱਲੇ ਪਰ ਫਿਰ ਵੀ ਭਾਈ ਬਲਦੇਵ ਸਿੰਘ ਡੋਲੇ ਨਹੀਂ ਤੇ ਆਪਣੇ ਨਿਸ਼ਾਨੇ ਵੱਲ ਵੱਧਦੇ ਗਏ। ਉਹਨਾਂ ਦਾ ਪਹਿਰਾਵਾ ਅਤੇ ਬੋਲ-ਚਾਲ ਬਹੁਤ ਸਧਾਰਨ ਸੀ। ਘੱਟ ਬੋਲਦੇ ਸਨ ਤੇ ਦੂਰ-ਅੰਦੇਸ਼ੀ ਸੋਚ ਰੱਖਦੇ ਸਨ। ਪੰਜਾਲੀ ਅਤੇ ਸੰਤਾਲੀ ਵਾਹੁਣੀ ਉਹ ਬਾਖੂਬੀ ਜਾਣਦੇ ਸਨ, ਦੁਸ਼ਮਣਾਂ ਲਈ ਉਹ ਕਾਲ ਦਾ ਰੂਪ ਸਨ।

"**ਭਾਈ ਦੇਬਾ ਦੀ ਸ਼ਹੀਦੀ**"-ਭਾਈ ਬਲਦੇਵ ਸਿੰਘ ਦੇਬਾ, ਭਾਈ ਮਨਜੀਤ ਸਿੰਘ ਡਾਲਾ, ਭਾਈ ਚਮਕੌਰ ਸਿੰਘ ਡਾਲਾ ਅਤੇ ਭਾਈ ਗੁਰਚਰਨ ਸਿੰਘ ਨੂੰ ਇਕ ਪੁਲੀਸ ਦਾ ਮੁਖਬਰ ਬੰਤਾ ਸਿਹੁੰ ਆਪਣੇ ਕਿਸੇ ਰਿਸ਼ਤੇਦਾਰ ਦੀ ਢਾਣੀ 'ਤੇ ਪਿੰਡ ਕਪੂਰੇ ਵਿਖੇ ਲੈ ਗਿਆ। ਇਹ ਬੰਤਾ ਸਿਹੁੰ ਉੱਪਰੋਂ ਵਿਖਾਵਾ ਕਰਕੇ ਜੁਝਾਰ ਸਿੰਘਾਂ ਨਾਲ ਹਮਦਰਦੀ ਰੱਖਣ ਦਾ ਦਾਅਵਾ ਕਰਦਾ ਸੀ ਪਰ ਅੰਦਰਖਾਤੇ ਪੁਲੀਸ ਨਾਲ਼ ਮਿਲਿਆ ਹੋਇਆ ਸੀ। ਸਿੰਘਾਂ ਲਈ ਪ੍ਰਸ਼ਾਦਾ-ਪਾਣੀ ਲੈ ਕੇ ਆਉਣ ਦੇ ਬਹਾਨੇ ਇਹ ਓਥੋਂ ਨਿਕਲ ਗਿਆ ਤੇ ਪੁਲੀਸ ਨੂੰ ਸੂਹ ਦੇ ਦਿੱਤੀ ਕਿ ਖਾੜਕੂ ਸਿੰਘ ਇੱਥੇ ਠਹਿਰੇ ਹੋਏ ਹਨ। ਥਾਣਾ ਮਹਿਣਾ ਦੇ ਐਸ.ਐਚ.ਓ ਹਰਚਰਨ ਸਿਹੁੰ ਨੂੰ ਸ਼ਾਮ ਸਾਢੇ ਸੱਤ ਵਜੇ ਜਦੋਂ ਇਹ ਖ਼ਬਰ ਮਿਲੀ ਤਾਂ ਉਹ ਵੱਡੀ ਗਿਣਤੀ 'ਚ ਪੁਲੀਸ ਦੇ ਜਵਾਨਾਂ ਨਾਲ ਜਿਪਸੀਆਂ ਤੇ ਕੈਂਟਰਾਂ 'ਤੇ ਸਵਾਰ ਹੋ ਕੇ ਪਿੰਡ ਕਪੂਰੇ ਵੱਲ ਨੂੰ ਚੱਲ ਪਿਆ। ਪੁਲੀਸ ਨੇ ਚਾਰੇ ਪਾਸਿਆਂ ਤੋਂ ਢਾਣੀ ਨੂੰ ਸਖਤ ਘੇਰਾ ਪਾ ਲਿਆ ਜਦ ਸਿੰਘਾਂ ਨੂੰ ਪਤਾ ਲੱਗਾ ਤਾਂ ਬੋਲੇ ਸੋ ਨਿਹਾਲ ਸਤਿ ਸ੍ਰੀ ਅਕਾਲ ਅਤੇ ਖਾਲਿਸਤਾਨ ਜ਼ਿੰਦਾਬਾਦ ਦੇ ਨਾਹਰੇ ਗਜਾਉਂਦੇ ਹੋਏ ਜੁਝਾਰੂਆਂ ਨੇ ਢਾਣੀ 'ਚੋਂ ਨਿਕਲ ਕੇ ਚਰੀ ਦੇ ਖੇਤ ਵਿੱਚ ਮੋਰਚੇ ਮੱਲ ਲਏ ਤੇ ਜਦੋਂ ਅੱਗੇ ਵੱਧ ਰਹੇ ਪੁਲੀਸ ਵਾਲਿਆ ਉੱਤੇ ਏ.ਕੇ. ਸੰਤਾਲੀ ਦੀਆਂ ਰਾਈਫ਼ਲਾਂ ਨਾਲ਼ ਫਾਇਰਿੰਗ ਕੀਤੀ ਤਾਂ ਪੁਲੀਸ ਦੇ ਬਹਾਦਰ ਅਖਵਾਉਣ ਵਾਲ਼ੇ ਜਵਾਨਾਂ ਨੇ ਧਰਤੀ 'ਤੇ ਲੰਮਿਆਂ ਪੈ ਕੇ ਆਪਣੀਆਂ ਜਾਨਾਂ ਬਚਾਈਆਂ ਤੇ ਉਦੋਂ ਤਕ ਧਰਤੀ 'ਤੇ ਲੋਟੇ ਰਹੇ ਜਦੋਂ ਤਕ ਹਨੇਰਾ ਨਾ ਹੋ ਗਿਆ, ਹਨੇਰਾ ਹੋ ਜਾਣ 'ਤੇ ਪਿੱਛੇ ਹਟ ਕੇ ਵੱਟ- ਬੰਨ੍ਹਿਆਂ ਦੀ ਓਟ ਲੈ ਕੇ ਸਿੰਘਾਂ 'ਤੇ ਗੋਲੀਆਂ ਚਲਾਉਂਦੇ ਰਹੇ। ਹਰਚਰਨ ਸਿਹੁੰ ਐਸ.ਐਚ.ਓ ਨੇ ਜਦੋਂ ਵੇਖਿਆ ਕਿ ਖਾੜਕੂਆਂ ਨੂੰ ਕਾਬੂ ਕਰਨਾ ਮੁਸ਼ਿਕਲ ਹੈ ਤੇ ਹੋ ਸਕਦਾ ਹੈ ਕਿ ਰਾਤ ਦੇ ਹਨੇਰੇ ਵਿੱਚ ਖਾੜਕੂ ਮੁਕਾਬਲਾ ਕਰਦੇ ਹੋਏ ਘੇਰਾ ਤੋੜ ਕੇ ਬੱਚ ਨਿਕਲਣ 'ਚ ਕਾਮਯਾਬ ਹੋ ਜਾਣ। ਉਸ ਨੇ ਥਾਣਾ ਸਦਰ ਮੋਗਾ ਦੇ ਐਸ.ਐਚ.ਓ ਕਸ਼ਮੀਰ ਸਿੰਘ ਨੂੰ ਪੁਲੀਸ ਪਾਰਟੀ ਸਮੇਤ ਮੁਕਾਬਲੇ ਵਾਲ਼ੀ ਥਾਂ 'ਤੇ ਸੱਦ ਲਿਆ। ਮੋਗੇ ਦੇ ਡੀ.ਐਸ.ਪੀ ਦਾ ਗੰਨਮੈਨ ਦਲਬਾਰਾ ਸਿਹੁੰ ਹੌਲਦਾਰ ਅਤੇ ਬੀ.ਐੱਸ.ਐਫ ਵੀ ਹਥਿਆਰ ਬੰਦ ਜਵਾਨਾਂ ਨਾਲ ਗੱਡੀਆਂ ਤੇ ਮੁਕਾਬਲੇ ਵਾਲੀ ਥਾਂ ਤੇ ਪਹੁੰਚ ਗਈ। ਜਗਜੀਤ ਸਿਹੁੰ ਸੀ.ਓ ਅਤੇ ਡਿਪਟੀ ਕਮਾਂਡੈਂਟ ਜੀ.ਐਸ ਮਲਹੋਤਰਾ ਵੀ ਸੀ.ਆਰ.ਪੀ.ਐਫ ਦੀਆਂ ਹਥਿਆਰਬੰਦ ਫੋਰਸਾਂ ਅਤੇ ਬੁਲਟ ਪਰੂਫ ਟਰੈਕਟਰਾਂ ਸਮੇਤ ਮੁਕਾਬਲੇ 'ਚ ਸ਼ਾਮਲ ਸੀ। ਮਿਤੀ 27 ਜੁਲਾਈ 1991 ਦੀ ਸ਼ਾਮ ਤੋਂ ਲੈ ਕੇ 28 ਜੁਲਾਈ 1991 ਦੇ ਦੱਸ ਕੁ ਵਜੇ ਤਕ ਸਿੰਘਾਂ ਦਾ ਹਿੰਦੁਸਤਾਨੀ ਫੋਰਸਾਂ ਨਾਲ਼ ਤਕਰੀਬਨ ਪੰਦਰਾਂ ਘੰਟੇ ਜ਼ੋਰਦਾਰ ਮੁਕਾਬਲਾ ਚੱਲਦਾ ਰਿਹਾ। ਭਾਈ ਬਲਦੇਵ ਸਿੰਘ ਪੂਰੀ ਜਾਂਬਾਜ਼ੀ ਤੇ ਨਿਡਰਤਾ ਨਾਲ਼ ਆਪਣੇ ਸਾਥੀਆਂ ਸਮੇਤ ਹਿੰਦੁਸਤਾਨ ਦੀਆਂ ਫੋਰਸਾਂ ਨਾਲ਼ ਸਾਰੀ ਰਾਤ ਮੁਕਾਬਲਾ ਕਰਦੇ ਰਹੇ। ਜਿਹੜਾ ਵੀ ਚੜ੍ਹਾਈ ਕਰਕੇ ਅੱਗੇ ਵਧਣ ਦੀ ਕੋਸ਼ਿਸ਼ ਕਰਦਾ ਉਸ ਦਾ ਮੱਕੂ ਓਥੇ ਹੀ ਠੱਪ ਦਿੰਦੇ। ਸਿੰਘਾਂ ਦੇ ਅੱਗੇ ਫੋਰਸਾਂ ਦੀ ਕੋਈ ਵਾਹ-ਪੇਸ਼ ਨਹੀਂ ਸੀ ਚੱਲ ਰਹੀ। ਸੀਮਤ ਜਿਹੇ ਹਥਿਆਰਾਂ ਨਾਲ਼ ਸਿੰਘਾਂ ਨੇ ਧੰਨ-ਧੰਨ ਕਰਾ ਦਿਤੀ। ਇਲਾਕੇ ਦੇ ਲੋਕ ਵੇਖ ਰਹੇ ਸਨ ਕਿ ਮੁੱਠੀ ਭਰ ਜੁਝਾਰੂ ਕਿਵੇਂ ਡਟੇ ਹੋਏ ਹਨ ਤੇ ਪੁਲੀਸ ਦੀਆਂ ਡਾਰਾਂ ਗੋਲੀ ਦਾ ਖੜਾਕ ਸੁਣ ਕੇ ਕਿਵੇਂ ਪਿਛਾਂਹ ਨੂੰ ਲੁਕਦੀਆਂ ਫਿਰਦੀਆਂ ਹਨ।

ਭਾਈ ਗੁਰਚਰਨ ਸਿੰਘ ਮਹਿਣਾ ਅਤੇ ਭਾਈ ਚਮਕੌਰ ਸਿੰਘ ਡਾਲਾ ਦੋਵੇਂ ਅੰਮ੍ਰਿਤ ਵੇਲ਼ੇ ਘੇਰਾ ਤੋੜ ਕੇ ਉਸ ਸਮੇਂ ਬਚ ਨਿਕਲੇ ਜਦੋਂ ਗਾਂਵਾਂ ਦਾ ਇੱਕ ਵੱਡਾ ਵੱਗ ਉਹਨਾਂ ਦੇ ਨੇੜਿਓਂ ਲੰਘਿਆ ਤਾਂ ਉਹ ਵਿੱਚ-ਵਿਚਾਲੇ ਬਹਿ-ਬਹਿ ਕੇ ਪੁਲੀਸ ਦੀਆਂ ਅੱਖਾਂ 'ਚ ਘੱਟਾ ਪਾ ਗਏ। ਇਧਰ ਗਹਿਗੱਚ ਮੁਕਾਬਲੇ 'ਚ ਘਿਰੇ ਭਾਈ ਬਲਦੇਵ ਸਿੰਘ ਦੇਬਾ ਅਤੇ ਭਾਈ ਮਨਜੀਤ ਸਿੰਘ ਡਾਲਾ ਸਵੇਰ ਦੇ ਸਮੇਂ ਗੋਲ਼ੀ-ਬਰੂਦ ਖਤਮ ਹੋਣ ਤੋਂ ਬਾਅਦ ਜੂਝਦਿਆਂ ਹੋਇਆਂ ਸ਼ਹਾਦਤ ਦਾ ਜਾਮ ਪੀ ਗਏ ਤੇ ਗੁਰੂ ਚਰਨਾਂ 'ਚ ਜਾ ਬਿਰਾਜੇ।

"**ਸ਼ਹੀਦਾਂ ਦੇ ਨਮਿੱਤ ਪਾਠ ਦੇ ਭੋਗ**"-ਸ਼ਹੀਦ ਭਾਈ ਬਲਦੇਵ ਸਿੰਘ ਦੇਬਾ ਅਤੇ ਸ਼ਹੀਦ ਭਾਈ ਮਨਜੀਤ ਸਿੰਘ ਡਾਲਾ ਦੀ ਆਤਮਿਕ ਸ਼ਾਂਤੀ ਲਈ ਪਿੰਡ ਧੂੜਕੋਟ ਕਲਾਂ ਅਤੇ ਪਿੰਡ ਡਾਲਾ ਵਿਖੇ 6 ਅਗਸਤ 1991 ਨੂੰ ਸ੍ਰੀ ਅਖੰਡ ਪਾਠ ਸਾਹਿਬ ਦੇ ਭੋਗ ਪਾਏ ਗਏ। ਅਖਬਾਰਾਂ 'ਚ ਜਥੇਦਾਰ ਭਾਈ ਗੁਰਜੰਟ ਸਿੰਘ ਬੁੱਧਸਿੰਘ ਵਾਲਾ, ਭਾਈ ਦਲਜੀਤ ਸਿੰਘ ਬਿੱਟੂ, ਭਾਈਪਰਮਜੀਤ ਸਿੰਘ ਪੰਜਵੜ ਅਤੇ ਭਾਈ ਕੁਲਜੀਤ ਸਿੰਘ ਮੋਗਾ ਵੱਲੋਂ ਇਸ਼ਿਤਹਾਰ ਜਾਰੀ ਕੀਤੇ ਗਏ ਤੇ ਸਿੱਖ ਸੰਗਤਾਂ ਨੂੰ ਅਰਦਾਸ ਸਮਾਗਮ 'ਚ ਸ਼ਾਮਲ ਹੋਣ ਦਾ ਖੁੱਲ੍ਹਾ ਸੱਦਾ ਦਿੱਤਾ ਗਿਆ। ਪਰ ਪੁਲੀਸ ਅਤੇ ਸੀ.ਆਰ.ਪੀ ਨੇ ਇਲਾਕੇ ਨੂੰ ਘੇਰੇ ਵਿੱਚ ਲੈ ਕੇ ਕਰਫਿਊ ਵਰਗੇ ਹਾਲਾਤ ਬਣਾਏ ਹੋਏ ਸਨ। ਇਸ ਕਾਰਨ ਕੇਵਲ ਪਿੰਡ ਵਾਸੀ ਹੀ ਸ਼ਹੀਦਾਂ ਦੀ ਅਰਦਾਸ 'ਚ ਸ਼ਾਮਲ ਹੋਏ ਸਨ। ਰਿਸ਼ਤੇਦਾਰਾਂ ਨੂੰ ਵੀ ਪੁਲੀਸ ਨੇ ਨਾਕਿਆਂ ਤੇ ਰੋਕ ਕੇ ਵਾਪਸ ਮੋੜ ਦਿੱਤਾ।


"**ਸ਼ਹੀਦੀ ਦਾ ਬਦਲਾ**"-ਸ਼ਹੀਦ ਭਾਈ ਗੁਰਜੰਟ ਸਿੰਘ ਬੁੱਧਸਿੰਘ ਵਾਲਾ ਅਤੇ ਸਾਥੀਆਂ ਨੇ ਸ਼ਹੀਦ ਭਾਈ ਬਲਦੇਵ ਸਿੰਘ ਦੇਬਾ ਅਤੇ ਸ਼ਹੀਦ ਭਾਈ ਮਨਜੀਤ ਸਿੰਘ ਡਾਲਾ ਦੀ ਸ਼ਹਾਦਤ ਤੋਂ ਵੀਹ ਕੁ ਦਿਨਾਂ ਬਾਅਦ ਥਾਣਾ ਮਹਿਣਾ ਤੇ ਹਮਲਾ ਕਰਕੇ ਇਕ ਏ.ਐੱਸ.ਆਈ ਤੇ ਤਿੰਨ ਪੁਲਸੀਏ ਗੋਲੀਆਂ ਨਾਲ ਦੁਪਹਿਰ ਸਮੇਂ ਲਲਕਾਰ ਕੇ ਬਜਾਰ 'ਚ ਭੁੰਨ ਸੁੱਟੇ ਤੇ ਬੰਤਾ ਸਿਹੁੰ ਕੈਟ ਨੂੰ ਵੀ ਉਸ ਦੇ ਪਾਪਾ ਦੀ ਸਜ਼ਾ ਦੇ ਕੇ ਸਿੰਘਾਂ ਦੀ ਸ਼ਹੀਦੀ ਦਾ ਬਦਲਾ ਲਿਆ।

"**ਸ਼ਹੀਦ ਭਾਈ ਦੇਬਾ ਦਾ ਸਪੁੱਤਰ ਨਵਦੀਪ ਸਿੰਘ**"-ਸ਼ਹੀਦ ਭਾਈ ਬਲਦੇਵ ਸਿੰਘ ਦੇਬਾ ਦਾ ਸਪੁੱਤਰ ਸ. ਨਵਦੀਪ ਸਿੰਘ ਵੀ ਆਪਣੇ ਪਿਤਾ ਵਾਂਗ ਸਿੱਖ ਕੌਮ ਦੇ ਹਰੇਕ ਮੋਰਚੇ ਅਤੇ ਪੰਥਕ ਸਰਗਰਮੀਆਂ 'ਚ ਪੂਰੀ ਚੜ੍ਹਦੀ ਕਲਾ ਨਾਲ ਅਗਾਂਹ ਹੋ ਕੇ ਹਿਸਾ ਲੈਂਦਾ ਹੈ। ਨਵਦੀਪ ਸਿੰਘ ਨੂੰ ਪੁਲੀਸ ਕਈ ਕੇਸਾਂ 'ਚ ਉਲਝਾਉਣਾ ਚਾਹੁੰਦੀ ਸੀ ਪਰ ਅਕਾਲ ਪੁਰਖ ਵਾਹਿਗੁਰੂ ਦੀ ਕਿਰਪਾ ਨਾਲ਼ ਬਚਾਅ ਹੋ ਗਿਆ।

**ਸੰਗਰੂਰ ਜੇਲ ਦੇ ਸਾਥੀ ਦੀ ਜ਼ੁਬਾਨੀ-ਗੁਰਪ੍ਰੀਤ ਸਿੰਘ ਕੈਰੋ ਖਾਨ**-ਭਾਈ ਬਲਦੇਵ ਸਿੰਘ ਜੀ ਦੇਬਾ ਮੇਰੇ ਸੰਗਰੂਰ ਜੇਲ੍ਹ ਵਿੱਚ ਸਾਥੀ ਸਨ। ਉਹ ਬੜੀ ਚੜ੍ਹਦੀਕਲਾ ਵਾਲੇ ਸਿੰਘ ਸਨ। ਉਹ ਜੇਲ੍ਹ ਵਿੱਚ ਬਣੇ ਗੁਰਦੁਆਰਾ ਸਾਹਿਬ ਵਿਖੇ ਹੁਕਮਨਾਮਾ ਸਾਹਿਬ ਦੀ ਡਿਊਟੀ ਨਿਭਾਉਂਦੇ ਸਨ ਅਤੇ ਨਿਤਨੇਮ ਵਿੱਚ ਪੂਰੇ ਸਨ। ਦਿਨ ਵੇਲੇ ਵੀ ਅਸੀਂ ਸਾਰੇ ਸੁਖਮਨੀ ਸਾਹਿਬ ਦੇ ਪਾਠ ਤੇ ਚੰਡੀ ਦੀ ਵਾਰ ਦੇ ਪਾਠ ਕਰਦੇ ਸੀ। ਬਲਦੇਵ ਸਿੰਘ ਜੀ ਦਾ ਵਿਹਾਰ ਸਾਰੇ ਕੈਦੀਆਂ ਨਾਲ ਹੀ ਬਹੁਤ ਵਧੀਆ ਸੀ। ਭਾਈ ਬਲਦੇਵ ਸਿੰਘ ਦੇਬਾ ਜੀ ਤੇ ਉਹਨਾਂ ਦੇ ਸਾਥੀ ਬਿੱਲੂ ਗੁਰਮੀਤ ਸਿੰਘ ਭੁੱਚੋ, ਇਹਨਾਂ ਤਿੰਨਾਂ ਨੇ ਰਲ਼ ਕੇ ਜੇਲ ਵਿੱਚ ਸੁਰੰਗ ਬਣਾਈ। ਫਿਰ ਇਹਨਾਂ ਦਾ ਬੈਰਕ ਬਦਲ ਦਿੱਤਾ ਗਿਆ। ਇਹਨਾਂ ਦੇ ਬੈਰਕ ਵਿਚ ਸਾਨੂੰ ਭੇਜ ਦਿੱਤਾ ਗਿਆ। ਤਾਂ ਇੱਕ ਦਿਨ ਸਾਡਾ ਸਾਥੀ ਜਦ ਸੁਰੰਗ ਉੱਤੇ ਰੱਖੇ ਪੱਥਰ ਉਪਰ ਰੱਖ ਕੇ ਗੁੜ ਭੰਨਣ ਲਗਿਆ ਤਾਂ ਉਹ ਪੱਥਰ ਟੁੱਟ ਕੇ ਸੁਰੰਗ ਵਿੱਚ ਡਿੱਗ ਗਿਆ। ਏਸ ਤਰ੍ਹਾਂ ਜੇਲ ਵਿਚ ਸੁਰੰਗ ਬਾਰੇ ਪਤਾ ਚੱਲ ਗਿਆ ਤੇ ਭਾਈ ਸਾਹਿਬ ਹੁਰੀਂ ਭੱਜਣ ਵਿੱਚ ਕਾਮਯਾਬ ਨਾ ਹੋ ਸਕੇ। ਜੋ ਵੀ ਖਾਣਾ-ਪਾਣੀ ਕਿਸੇ ਦੇ ਵੀ ਘਰੋਂ ਜੇਲ੍ਹ ਵਿੱਚ ਆਉਂਦਾ ਹੁੰਦਾ ਸੀ, ਅਸੀਂ ਸਾਰੇ ਸਿੰਘ ਰਲ ਕੇ ਛਕਦੇ ਸੀ। ਪੁਲਸ ਮੁਲਾਜ਼ਮ ਵੀ ਸਾਰੇ ਸਿੰਘਾਂ ਦਾ ਬਹੁਤ ਸਤਿਕਾਰ ਕਰਦੇ ਸੀ। ਸੰਗਰੂਰ ਜੇਲ੍ਹ ਖਾੜਕੂਆਂ ਦਾ ਮਿਨੀ ਘਰ ਹੀ ਸੀ।

**-ਨਵਦੀਪ ਸਿੰਘ ਸਪੁੱਤਰ ਸ਼ਹੀਦ ਭਾਈ ਦੇਬਾ**

ਮੈਂ ਸਰੀਰਕ ਮੌਤ ਨੂੰ ਮੌਤ ਨਹੀ ਮੰਨਦਾ
ਜਮੀਰ ਦਾ ਮਰਜਾਣਾ ਯਕੀਨਨ ਮੌਤ ਹੈ।
ਸੰਤ ਜਰਨੈਲ ਸਿੰਘ ਜੀ ਖਾਲਸਾ ਭਿੰਡਰਾਂਵਾਲੇ




Physical death i do not fear
death of conscience is a sure death
Sant Jarnail Singh Ji Khalsa Bhindranwale
www.damdamitaksal.net



ਧੁਰਕੀ ਸਬਦੁ ਸਚੀ ਟਕਸਾਲ ॥
ਦਮਦਮੀ ਟਕਸਾਲ
ਨਾਮ ਜਪੋ
ਕਿਰਤ ਕਰੋ
ਵੰਡ ਛਕੋ
Naam Japo
Kirat Karo
Vand Shako
ਜਥਾ ਭਿੰਡਰਾਂ (ਮਹਿਤਾ)
www.damdamitaksal.net

ਵਾਹਿਗੁਰੂ ਜੀ ਕਾ ਖਾਲਸਾ॥ ਵਾਹਿਗੁਰੂ ਜੀ ਕੀ ਫਤਹਿ॥
WAHEGURU JI KA KHALSA WAHEGURU JI KI FATEH

ਖੰਡੇ ਬਾਟੇ ਦੀ ਪਾਹੁਲ ਛੱਕ ਕੇ ਗੁਰੂ ਵਾਲੇ ਬਣੋ
Khande Bate di Pahul Shak Ke Guru Wale Bano
ਗੁਰਬਾਣੀ ਸੰਥਿਆ ਅਤੇ ਗੁਰਮਤਿ ਸਿੱਖਿਆ ਨਾਲ ਜੁੜੋ
Join Gurbani Santhia and Gurmat Sikhia
ਕੀਰਤਨ ਕਥਾ ਕਵੀਸ਼ਰੀ ਅਤੇ ਢਾਡੀ ਵਾਰਾਂ ਸਿੱਖੋ
Learn Kirtan Katha Kavishri and Dhadi Waran
ਗੁਰਮੁਖੀ ਪੰਜਾਬੀ ਸਿੱਖੋ
Learn Gurmukhi Punjabi
ਗਤਕਾ ਸਿੱਖੋ Learn Gatka
www.damdamitaksal.net



ਆਵਾਜ਼ਿ ਕੌਮ
Daily Newspaper from U.K.
Publisher/Chief Editor
**Raghbir Singh Walsal**
E-mail : awazeqaumtv@gmail.com
www.awazeqaumtv.com
for **AWAZE QAUM** Channel
https://youtu.be/LQwolgxDu7I
Contact :
+447458381111
+447976210161
+919729091243


ਆਵਾਜ਼ਿ ਕੌਮ AWAZE QAUM TV



ਭਾਈ ਰਘਵੀਰ ਸਿੰਘ ਵਾਲਸਾਲ
ਯੂ.ਕੇ. ਮੁੱਖ ਸੰਪਾਦਕ
Raghbir Singh Walsall uk

**ਪੰਜਾਬੀ ਸਿੱਖੋ, ਪੰਜਾਬੀ ਪੜ੍ਹੋ, ਪੰਜਾਬੀ ਬੋਲੋ, ਮਾਂ ਬੋਲੀ ਪੰਜਾਬੀ ਅਤੇ ਆਪਣੇ ਪੰਜਾਬ ਨੂੰ ਪਿਆਰ ਕਰੋ**

## ਸਮੂਹ ਪੱਤਰਕਾਰ/ਲੇਖਕਾਂ ਦੇ ਧਿਆਨ ਹਿਤ

ਸਮੂਹ ਪੱਤਰਕਾਰਾਂ/ਲੇਖਕਾਂ ਨੂੰ ਅਪੀਲ ਹੈ ਕਿ ਉਹ ਆਪਣੀਆ ਖ਼ਬਰਾਂ, ਇਸ਼ਤਿਹਾਰ ਅਤੇ ਹੋਰ ਸਮੱਗਰੀ ਸ਼ੁੱਧ ਪੰਜਾਬੀ ਵਿੱਚ ਕੰਪੋਜ਼ ਕਰਕੇ ਭੇਜਣ। ਬਿਨਾਂ ਕੰਪੋਜ਼ ਕੀਤੀਆਂ ਗਈਆਂ ਖ਼ਬਰਾਂ, ਲੇਖ ਜਾਂ ਹੋਰ ਕਿਸੇ ਵੀ ਪ੍ਰਕਾਰ ਦੇ ਮੈਟਰ 'ਤੇ ਵਿਚਾਰ ਨਹੀਂ ਕੀਤਾ ਜਾਵੇਗਾ। -ਸੰਪਾਦਕ


ਦੇਗ ਤੇਗ ਫ਼ਤਿਹ – ਪੰਥ ਕੀ ਜੀਤ
ਹਮ ਰਾਖਤ ਪਾਤਿਸ਼ਾਹੀ ਦਾਵਾ ॥ ਜਾਂ ਇਤ ਕੋ ਜਾਂ ਅਗਲੋ ਪਾਵਾ ॥

ਧੰਨ ਗੁਰੂ ਨਾਨਕ ਦੇਵ ਸਾਹਿਬ ਜੀ ਦੇ ਪ੍ਰਕਾਸ਼ ਪੁਰਬ ਤੇ ਮਾਤਾ ਸਾਹਿਬ ਕੌਰ ਜੀ ਦੇ ਜਨਮ ਦਿਹਾੜੇ ਨੂੰ ਸਮਰਪਿਤ


ਧੰਨ-ਧੰਨ ਮਾਤਾ ਸਾਹਿਬ ਕੌਰ ਜੀ

ਗੁਰਮਤਿ ਸਮਾਗਮ

1 ਨਵੰਬਰ 2026, ਦਿਨ ਐਤਵਾਰ ਨੂੰ
ਬੱਬਰਾਂ ਦੇ ਹਾਈ ਕੋਰਟ ਗੁਰਦੁਆਰਾ ਸ਼ਹੀਦਾਂ, ਜੱਸੋਵਾਲ ਵਿਖੇ
ਬੜੀ ਸ਼ਰਧਾ ਨਾਲ ਕਰਵਾਇਆ ਜਾ ਰਿਹਾ ਹੈ।


ਸੰਤ ਜਰਨੈਲ ਸਿੰਘ ਜੀ ਖਾਲਸਾ ਭਿੰਡਰਾਂ ਵਾਲੇ

ਲੜੀ ਅਰੰਭ ਸ੍ਰੀ ਅਖੰਡ ਪਾਠ ਸਾਹਿਬ -20 ਅਕਤੂਬਰ, ਮੰਗਲਵਾਰ, ਸਵੇਰੇ 10 ਵਜੇ
ਲੜੀ ਭੋਗ ਸ੍ਰੀ ਅਖੰਡ ਪਾਠ ਸਾਹਿਬ -1 ਨਵੰਬਰ, ਐਤਵਾਰ, ਸਵੇਰੇ 9 ਵਜੇ



ਜੋੜ ਮੇਲੇ ਵਿੱਚ ਸਿੰਘ ਸਾਹਿਬਾਨ, ਦਮਦਮੀ ਟਕਸਾਲ, ਸੰਤ ਮਹਾਂਪੁਰਸ਼, ਸੰਪਰਦਾਵਾਂ ਦੇ ਮੁਖੀ, ਨਿਹੰਗ ਸਿੰਘ ਜਥੇਬੰਦੀਆਂ, ਸ਼੍ਰੋਮਣੀ ਕਮੇਟੀ ਮੈਂਬਰ, ਨਿਰਮਲੇ, ਉਦਾਸੀ, ਧਾਰਮਿਕ, ਕਿਸਾਨ ਆਗੂ, ਹਰ ਪਾਰਟੀ ਦੇ ਸਿਆਸੀ ਲੀਡਰ, ਇੰਟਰਨੈਸ਼ਨਲ ਪੰਥਕ ਦਲ ਯੂ.ਕੇ. ਅਤੇ ਭਾਰਤ ਦੇ ਸਮੂਹ ਅਹੁਦੇਦਾਰ ਅਤੇ ਨਾਮਵਰ ਰਾਗੀ-ਢਾਡੀ-ਕਵੀਸ਼ਰ ਜਥੇ ਪਹੁੰਚ ਰਹੇ ਹਨ।

ਨੋਟ : ਇਹ ਸਮਾਗਮ 13 ਦਿਨ ਚੱਲੇਗਾ

ਸਮੂਹ ਸੰਗਤ ਨੂੰ ਪਹੁੰਚਣ ਲਈ ਬੇਨਤੀ ਕੀਤੀ ਜਾਂਦੀ ਹੈ। ਗੁਰੂ ਦੇ ਲੰਗਰ ਅਤੇ ਚਾਹ ਪਕੌੜਿਆਂ ਦੇ ਲੰਗਰ ਅਤੁੱਟ ਵਰਤਣਗੇ।

ਬੇਨਤੀ ਕਰਤਾ
ਸੰਤ ਬਾਬਾ ਚਰਨਜੀਤ ਸਿੰਘ ਜੱਸੋਵਾਲ 98141-27470
ਜਥੇਦਾਰਨੀ ਬੀਬੀ ਸੁਰਿੰਦਰ ਕੌਰ 73408-35137
ਦਮਦਮੀ ਟਕਸਾਲ ਵਾਲੇ ਅੰਤਰਰਾਸ਼ਟਰੀ ਮੁੱਖ ਬੁਲਾਰਾ ਇੰਟਰਨੈਸ਼ਨਲ ਪੰਥਕ ਦਲ
ਜਾਰੀ ਕਰਤਾ : ਭਾਈ ਜਰਨੈਲ ਸਿੰਘ ਵਿਲੋਂ, ਬੀਬੀ ਅਰਸ਼ਪ੍ਰੀਤ ਕੌਰ 84278-66404, ਜ: ਹਰਜੋਤ ਸਿੰਘ ਵਿਲੋਂ, ਜ: ਮਹਿਤਾਬ ਸਿੰਘ ਵਿਲੋਂ
ਸੰਪਰਕ ਨੰਬਰ 84278-66404


Vehicle360
Professional Car Repairs & Servicing
West Bromwich
CAR SERVICES – ALL MAKES & MODELS
FREE VEHICLE HEALTH CHECK
Full & Interim Servicing
Diagnostics & Fault Finding
Clutches & Gearboxes
Timing Chains & Cambelts
DPF & Engine Repairs
Brakes, Suspension & Exhausts
Experienced mechanics
(7–10 years)
Honest advice & fair pricing
Quality / OEM parts used
CALL NOW: 0121 269 9586
12 Ridgacre Rd, West Bromwich, B71 1DB
Your local trusted garage
ਆਵਾਜ਼ਿ ਕੌਮ
AWAZE QAUM
International Newspaper & WEB TV

ਘੜੀਐ ਸਬਦੁ ਸਚੀ ਟਕਸਾਲ ॥

ਵਾਹਿਗੁਰੂ ਜੀ ਕਾ ਖਾਲਸਾ। ਵਾਹਿਗੁਰੂ ਜੀ ਕੀ ਫਤਿਹ॥

# ਗੁਰਦੁਆਰਾ ਸਾਹਿਬ ਸ਼ਹੀਦ ਬਾਬਾ ਦੀਪ ਸਿੰਘ ਜੀ ਕਾਜਲਮਰਾਨੋ ਕਰਮੋਨਾ ਇਟਲੀ ਵਿਖੇ

## Gurdwara Sahib Shaeed Baba Deep Singh ji Casalmorano Cremona (Italy)



# ਮਹਾਨ ਗੁਰਮਤਿ ਸਮਾਗਮ

## 21, 22 ਅਤੇ 23 ਅਗਸਤ

☛ ਪੁਰਾਤਨ ਮਰਿਯਾਦਾ ਅਨੁਸਾਰ 25 ਸਿੰਘ ਲਾ ਕੇ ਸ੍ਰੀ ਅਖੰਡ ਪਾਠ ਸਾਹਿਬ ਜੀ ਦੀ ਅਰੰਭਤਾ ਹੋਵੇਗੀ

☛ ਸਲਾਨਾ ਬਰਸੀ ਸੱਚਖੰਡ ਵਾਸੀ ਦਮਦਮੀ ਟਕਸਾਲ ਦੇ 13 ਵੇਂ ਮੁਖੀ ਸ੍ਰੀਮਾਨ ਸੰਤ ਗਿਆਨੀ ਕਰਤਾਰ ਸਿੰਘ ਖਾਲਸਾ ਭਿੰਡਰਾਂਵਾਲਿਆ ਨੂੰ ਸਮਰਪਿਤ ਗੁਰਮਤਿ ਸਮਾਗਮ ਕਰਵਾਏ ਜਾ ਰਹੇ ਹਨ

ਸ਼ੁੱਕਰਵਾਰ 21 ਅਗਸਤ 10 ਵਜੇ ਸ੍ਰੀ ਅਖੰਡ ਪਾਠ ਸਾਹਿਬ ਦੀ ਆਰੰਭਤਾ ਹੋਵੇਗੀ ਸ਼ਾਮ 5 ਤੋਂ 8 ਵਜੇ ਤੱਕ ਦੀਵਾਨ ਸੱਜਣਗੇ, ਸ਼ਨਿੱਚਰਵਾਰ 22 ਅਗਸਤ ਸ਼ਾਮ 5 ਤੋਂ ਸਾਢੇ 8 ਵਜੇ ਤੱਕ ਦੀਵਾਨ ਸਜਣਗੇ

ਐਤਵਾਰ 23 ਅਗਸਤ 2026 ਨੂੰ 6:30 ਵਜੇ ਸਵੇਰੇ ਚੋਪੈਹਿਰੇ ਸਾਹਿਬ ਦੇ ਪਾਠਾਂ ਦੀ ਆਰੰਭਤਾ ਹੋਵੇਗੀ ਸਮੇਤ ਸੁਖਮਨੀ ਸਾਹਿਬ ਦੇ 9:30 ਵਜੇ ਭੋਗ ਪੈਣ ਉਪਰੰਤ 1:00 ਵਜੇ ਤੱਕ ਦੀਵਾਨ ਸਜਣਗੇ।

ਕਥਾ ਵਾਚਕ, ਕੀਰਤਨੀ ਜਥਾ,ਕਵੀਸ਼ਰੀ ਤੇ ਢਾਡੀ ਸਿੰਘ ਵਾਰਾਂ ਰਾਹੀਂ ਗੁਰਬਾਣੀ ਗੁਰ ਇਤਿਹਾਸ ਸਿੱਖ ਇਤਿਹਾਸ ਨਾਲ ਸਿੱਖ ਸੰਗਤਾਂ ਨੂੰ ਜੋੜਨਾ ਕਰਨਗੇ

ਪ੍ਰਬੰਧਕ ਸੇਵਾਦਾਰਾਂ ਅਤੇ ਇੰਟਰਨੈਸ਼ਨਲ ਪੰਥਕ ਦਲ ਦੇ ਸਿੰਘਾਂ ਅਤੇ ਇਲਾਕਾ ਨਿਵਾਸੀ ਸਮੂਹ ਸਾਧ ਸੰਗਤਾਂ ਵੱਲੋਂ ਸੇਵਾ ਨਿਭਾਈ ਜਾਂਦੀ ਹੈ।

ਗੁਰੂ ਕਾ ਲੰਗਰ ਅਤੁੱਟ ਵਰਤੇਗਾ

ਜ਼ਰੂਰੀ ਬੇਨਤੀ : ਗੱਤਕੇ ਦੀ ਸਿਖਲਾਈ ਹਰ ਐਤਵਾਰ 11:00 ਤੋਂ 1 : 00 ਵਜੇ ਤੱਕ ਦਿੱਤੀ ਜਾਂਦੀ ਹੈ।

★ ਗੁਰੂ ਪੰਥ ਦੇ ਦਾਸਰੇ ★

ਸਾਧ ਸੰਗਤ, ਪ੍ਰਬੰਧਕ ਕਮੇਟੀ
ਗੁਰਦੁਆਰਾ ਸਾਹਿਬ ਸ਼ਹੀਦ ਬਾਬਾ ਦੀਪ ਸਿੰਘ ਜੀ ਕਾਜਲਮਰਾਨੋ ਕਰਮੋਨਾ ਇਟਲੀ
ਵਧੇਰੇ ਜਾਣਕਾਰੀ ਲਈ ਸੰਪਰਕ ਕਰੋ:-
ਭਾਈ ਪ੍ਰਗਟ ਸਿੰਘ (ਪ੍ਰਧਾਨ) 00393208124778
ਭਾਈ ਬਲਰਾਮ ਸਿੰਘ +393885751594
ਭਾਈ ਪ੍ਰਭਜੀਤ ਸਿੰਘ ਆਜਾਨੇਲੋ +393881079260

ਸ਼ੇਅਰ ਜ਼ਰੂਰ ਕਰੋ ਜੀ।
☛ਸਿੱਖ ਸੰਗਤਾਂ ਦੇ ਚਰਨਾਂ 'ਚ ਬੇਨਤੀ ਹੈ ਕਿ ਹੁੰਮ-ਹੁੰਮਾ ਕੇ ਪੁੱਜਣ ਦੀ ਕ੍ਰਿਪਾਲਤਾ ਕਰਨੀ ਜੀ।

Gurdwara Sahib Shaeed Baba Deep Singh ji Damdami Taksaal
Via Giacomo Matteotti 3Cap
26020Casalmorano Cremona (IT)
E-mail : gur.damdamitaksaalitaly@gmail.com
Call+393475711755 / 3208124778


ਸਿਮਰਿ ਸਿਮਰਿ ਸੁਖੁ ਪਾਵਹੁ ਸਗਲੇ ਦੂਖ ਮਿਟਾਇ ॥
ਬੀਬੀ
ਸੁਰਿੰਦਰ ਕੌਰ ਵੱਲੀਆਂ
ਦੀ
ਛੇਵੀਂ ਬਰਸੀ
ਨੂੰ ਸਮਰਪਿਤ
ਗੁਰਦੁਆਰਾ ਪ੍ਰਉਪਕਾਰੀ
ਭਾਈ ਲੱਧਾ ਜੀ
ਪਿੰਡ ਵੱਲੀਆਂ ਵਿਖੇ
ਗੁਰਮਤਿ ਸਮਾਗਮ
ਅਤੇ
ਖੀਰ ਪੂੜਿਆਂ ਵਾਲਾ
ਜੋੜ ਮੇਲਾ
ਆਵਾਜ਼ਿ ਕੌਮ
AWAZE QAUM
International Newspaper & WEB TV
29
ਜੁਲਾਈ
ਦਿਨ ਬੁੱਧਵਾਰ
2026
ਮੁੱਖ ਸੇਵਾਦਾਰ
ਬਾਬਾ ਸਤਨਾਮ ਸਿੰਘ ਜੀ ਵੱਲੀਆਂ
ਅਤੇ ਸਮੂਹ ਇਲਾਕਾ ਨਿਵਾਸੀ ਸੰਗਤਾਂ
9463427380 | 7527845340

ਪੰਜਾਬ ਦੇ ਸਿੱਖਿਆ ਮੰਤਰੀ ਅਤੇ ਮੈਡੀਕਲ ਸਿੱਖਿਆ ਮੰਤਰੀ ਤੋਂ ਅਸਤੀਫ਼ਾ ਕਦੋਂ ਲਿਆ ਜਾਵੇਗਾ ? - ਪ੍ਰੋ. ਸਰਚਾਂਦ ਸਿੰਘ ਖਿਆਲਾ

# ਪੰਜਾਬ ਵਿੱਚ ਪੇਪਰ ਲੀਕਾਂ ਦੀ ਲੜੀ ਨੇ ਆਪ, ਕੇਜਰੀਵਾਲ ਤੇ ਮਾਨ ਸਰਕਾਰ ਦੀ "ਇਮਾਨਦਾਰੀ" ਦਾ ਪਰਦਾਫਾਸ਼ ਕਰ ਦਿੱਤਾ






**ਅੰਮ੍ਰਿਤਸਰ, 26 ਜੁਲਾਈ (ਆਵਾਜ਼ਿ ਕੌਮ ਬਿਊਰੋ)**-ਭਾਜਪਾ ਪੰਜਾਬ ਦੇ ਬੁਲਾਰੇ ਪ੍ਰੋ. ਸਰਚਾਂਦ ਸਿੰਘ ਖਿਆਲਾ ਨੇ ਪੰਜਾਬ ਵਿੱਚ ਲਗਾਤਾਰ ਸਾਹਮਣੇ ਆ ਰਹੇ ਪੇਪਰ ਲੀਕ, ਹਾਈ-ਟੈਕ ਨਕਲ ਅਤੇ ਭਰਤੀ ਘੁਟਾਲਿਆਂ ਨੂੰ ਆਮ ਆਦਮੀ ਪਾਰਟੀ ਸਰਕਾਰ ਦੀ ਸਭ ਤੋਂ ਵੱਡੀ ਪ੍ਰਸ਼ਾਸਨਿਕ ਅਸਫਲਤਾ ਅਤੇ ਨੌਜਵਾਨਾਂ ਦੇ ਭਵਿੱਖ ਨਾਲ ਕੀਤਾ ਗਿਆ ਸੰਗਠਿਤ ਧੋਖਾ ਕਰਾਰ ਦਿੰਦਿਆਂ ਕਿਹਾ ਕਿ ਜਿਸ ਪਾਰਟੀ ਨੇ "ਇਮਾਨਦਾਰ ਰਾਜਨੀਤੀ" ਦਾ ਨਾਅਰਾ ਦੇ ਕੇ ਸੱਤਾ ਹਾਸਲ ਕੀਤੀ ਸੀ, ਉਹ ਅੱਜ ਪੰਜਾਬ ਦੇ ਨੌਜਵਾਨਾਂ ਦਾ ਭਰੋਸਾ ਤੋੜਨ ਵਾਲੀ ਸਰਕਾਰ ਬਣ ਕੇ ਰਹਿ ਗਈ ਹੈ।

ਪ੍ਰੋ. ਖਿਆਲਾ ਨੇ ਕਿਹਾ ਕਿ ਜੁਲਾਈ 2026 ਵਿੱਚ ਫਾਰਮੇਸੀ ਅਫ਼ਸਰ ਭਰਤੀ ਪ੍ਰੀਖਿਆ ਦੌਰਾਨ ਪੈੱਨ ਕੈਮਰਿਆਂ ਅਤੇ ਵਾਇਰਲੈੱਸ ਯੰਤਰਾਂ ਨਾਲ ਹਾਈ-ਟੈਕ ਨਕਲ ਗਿਰੋਹ ਦਾ ਪਰਦਾਫਾਸ਼ ਕੋਈ ਇਕੱਲੀ ਘਟਨਾ ਨਹੀਂ। ਇਸ ਤੋਂ ਪਹਿਲਾਂ ਮਈ 2022 ਵਿੱਚ ਪੀਪੀਐਸਸੀ ਨਾਇਬ ਤਹਿਸੀਲਦਾਰ ਭਰਤੀ ਪ੍ਰੀਖਿਆ ਵਿੱਚ ਹਾਈ-ਟੈਕ ਨਕਲ ਦਾ ਪਰਦਾਫਾਸ਼ ਹੋਇਆ, ਜਿਸ ਕਾਰਨ ਕਰੀਬ 42 ਹਜ਼ਾਰ ਉਮੀਦਵਾਰ ਪ੍ਰਭਾਵਿਤ ਹੋਏ ਅਤੇ ਪ੍ਰੀਖਿਆ ਰੱਦ ਕਰਨੀ ਪਈ। ਇਸ ਤੋਂ ਬਾਅਦ ਫ਼ਰਵਰੀ 2023 ਵਿੱਚ ਪੰਜਾਬ ਸਕੂਲ ਸਿੱਖਿਆ ਬੋਰਡ ਦੀ 12ਵੀਂ ਜਮਾਤ ਦੇ ਅੰਗਰੇਜ਼ੀ ਦੇ ਪੇਪਰ ਲੀਕ ਹੋਣ ਕਾਰਨ ਲਗਭਗ ਢਾਈ ਲੱਖ ਵਿਦਿਆਰਥੀਆਂ ਨੂੰ ਦੁਬਾਰਾ ਪ੍ਰੀਖਿਆ ਦੇਣੀ ਪਈ।ਮਾਰਚ 2023 ਵਿੱਚ ਪੰਜਾਬ ਰਾਜ ਅਧਿਆਪਕ ਯੋਗਤਾ ਟੈਸਟ (PSTET) ਵਿੱਚ ਪ੍ਰਸ਼ਨ ਪੱਤਰਾਂ ਵਿੱਚ ਹੀ ਉੱਤਰ ਛਪ ਕੇ ਆ ਗਏ ਅਤੇ ਕਰੀਬ ਇੱਕ ਲੱਖ ਉਮੀਦਵਾਰ ਪ੍ਰਭਾਵਿਤ ਹੋਏ। ਜੂਨ 2024 ਵਿੱਚ ਪੀਪੀਐਸਸੀ ਦੀ ਖੇਤੀਬਾੜੀ ਵਿਕਾਸ ਅਫ਼ਸਰ (14®) ਭਰਤੀ ਪ੍ਰੀਖਿਆ 'ਤੇ ਪੇਪਰ ਲੀਕ ਅਤੇ ਰਿਸ਼ਵਤ ਦੇ ਗੰਭੀਰ ਦੋਸ਼ ਲੱਗੇ। ਦਸੰਬਰ 2025 ਵਿੱਚ ਪੀਐਸਐਸਐਸਬੀ ਗਰੁੱਪ-ਬੀ ਭਰਤੀ ਪ੍ਰੀਖਿਆ ਦੇ ਨਤੀਜਿਆਂ ਨੇ ਪੂਰੀ ਭਰਤੀ ਪ੍ਰਕਿਰਿਆ ਦੀ ਭਰੋਸੇਯੋਗਤਾ 'ਤੇ ਸਵਾਲ ਖੜ੍ਹੇ ਕਰ ਦਿੱਤੇ। ਇਹ ਲੜੀ ਸਾਬਤ ਕਰਦੀ ਹੈ ਕਿ ਪੰਜਾਬ ਦੀ ਭਰਤੀ ਪ੍ਰਣਾਲੀ ਨੂੰ ਪੇਪਰ ਮਾਫ਼ੀਆ ਅਤੇ ਸਰਕਾਰੀ ਨਾਕਾਮੀ ਨੇ ਖੋਖਲਾ ਕਰ ਦਿੱਤਾ ਹੈ।

ਉਨ੍ਹਾਂ ਕਿਹਾ ਕਿ ਜਦੋਂ ਕੇਂਦਰ ਵਿੱਚ ਕਿਸੇ ਪ੍ਰੀਖਿਆ ਨੂੰ ਲੈ ਕੇ ਵਿਵਾਦ ਹੁੰਦਾ ਸੀ ਤਾਂ ਅਰਵਿੰਦ ਕੇਜਰੀਵਾਲ ਅਤੇ ਆਪ ਦੇ ਆਗੂ ਦਿੱਲੀ 'ਚ ਪ੍ਰਦਰਸ਼ਨਕਾਰੀਆਂ ਦੀ ਖੁੱਲ੍ਹ ਕੇ ਹਮਾਇਤ ਕਰਦੇ, ਕੇਂਦਰੀ ਸਿੱਖਿਆ ਮੰਤਰੀ ਦੇ ਅਸਤੀਫ਼ੇ ਦੀ ਮੰਗ ਕਰਦੇ ਸਨ ਅਤੇ ਸਰਕਾਰ ਨੂੰ ਨੈਤਿਕਤਾ ਦਾ ਪਾਠ ਪੜ੍ਹਾਉਂਦੇ ਸਨ। ਅੱਜ ਉਹੀ ਆਗੂ ਪੰਜਾਬ ਵਿੱਚ ਇੱਕ ਤੋਂ ਬਾਅਦ ਇੱਕ ਸਾਹਮਣੇ ਆ ਰਹੇ ਪੇਪਰ ਲੀਕਾਂ 'ਤੇ ਨਾ ਤਾਂ ਪ੍ਰਦਰਸ਼ਨ ਕਰ ਰਹੇ ਹਨ, ਨਾ ਹੀ ਨੈਤਿਕਤਾ ਦੀ ਗੱਲ ਕਰ ਰਹੇ ਹਨ ਅਤੇ ਨਾ ਹੀ ਕਿਸੇ ਮੰਤਰੀ ਦੀ ਜ਼ਿੰਮੇਵਾਰੀ ਤੈਅ ਕਰ ਰਹੇ ਹਨ। ਕੀ ਨੈਤਿਕਤਾ ਸਿਰਫ਼ ਵਿਰੋਧੀਆਂ ਲਈ ਹੀ ਹੈ ?

ਪ੍ਰੋ. ਖਿਆਲਾ ਨੇ ਯਾਦ ਕਰਵਾਇਆ ਕਿ ਦਿੱਲੀ ਦੇ ਸਾਬਕਾ ਉਪ ਮੁੱਖ ਮੰਤਰੀ ਮਨੀਸ਼ ਸਿਸੋਦੀਆ ਨੇ ਖੁਦ ਕਿਹਾ ਸੀ, "ਜੇ ਪੰਜਾਬ ਵਿੱਚ ਪੇਪਰ ਲੀਕ ਹੋਵੇਗਾ ਤਾਂ ਸਭ ਤੋਂ ਪਹਿਲਾਂ ਮੈਂ, ਅਰਵਿੰਦ ਕੇਜਰੀਵਾਲ ਅਤੇ ਮਾਨ ਮਿਲ ਕੇ ਪੰਜਾਬ ਦੇ ਸਿੱਖਿਆ ਮੰਤਰੀ ਨੂੰ ਹਟਾਵਾਂਗੇ।" ਅੱਜ ਪੰਜਾਬ ਦੇ ਲੋਕ ਅਰਵਿੰਦ ਕੇਜਰੀਵਾਲ, ਭਗਵੰਤ ਮਾਨ ਅਤੇ ਮਨੀਸ਼ ਸਿਸੋਦੀਆ ਤੋਂ ਸਿੱਧਾ ਜਵਾਬ ਮੰਗਦੇ ਹਨ ਕਿ ਕੀ ਉਹ ਬਿਆਨ ਸਿਰਫ਼ ਸਿਆਸੀ ਡਰਾਮਾ ਸੀ ? ਕੀ ਉਹ ਕੇਵਲ ਲੋਕਾਂ ਨੂੰ ਗੁੰਮਰਾਹ ਕਰਨ ਲਈ ਦਿੱਤਾ ਗਿਆ ਸੀ ? ਜੇ ਨਹੀਂ, ਤਾਂ ਉਸ ਵਾਅਦੇ 'ਤੇ ਅਮਲ ਕਦੋਂ ਹੋਵੇਗਾ ? ਜਾਂ ਆਮ ਆਦਮੀ ਪਾਰਟੀ ਦੀ ਨੈਤਿਕਤਾ ਸੱਤਾ ਦੇ ਦਰਵਾਜ਼ੇ 'ਤੇ ਪਹੁੰਚਦਿਆਂ ਹੀ ਦਮ ਤੋੜ ਜਾਂਦੀ ਹੈ ?

ਉਨ੍ਹਾਂ ਕਿਹਾ ਕਿ ਪੰਜਾਬ ਦੇ ਲੋਕ ਇਹ ਵੀ ਜਾਣਨਾ ਚਾਹੁੰਦੇ ਹਨ ਕਿ ਇੰਨੇ ਵੱਡੇ-ਵੱਡੇ ਘੁਟਾਲਿਆਂ ਤੋਂ ਬਾਅਦ ਸਿੱਖਿਆ ਮੰਤਰੀ ਅਤੇ ਮੈਡੀਕਲ ਸਿੱਖਿਆ ਮੰਤਰੀ ਅਜੇ ਵੀ ਆਪਣੇ ਅਹੁਦਿਆਂ 'ਤੇ ਕਿਉਂ ਬੈਠੇ ਹਨ ? ਜਦੋਂ ਦੂਜਿਆਂ ਤੋਂ ਅਸਤੀਫ਼ਿਆਂ ਦੀ ਮੰਗ ਕੀਤੀ ਜਾਂਦੀ ਸੀ ਤਾਂ ਉਹ ਨੈਤਿਕਤਾ ਸੀ, ਪਰ ਅੱਜ ਆਪਣੇ ਮੰਤਰੀਆਂ ਨੂੰ ਬਚਾਉਣਾ ਕੀ ਦੋਹਰੇ ਮਾਪਦੰਡ ਨਹੀਂ ?

ਪ੍ਰੋ. ਖਿਆਲਾ ਨੇ ਕਿਹਾ ਕਿ ਆਮ ਆਦਮੀ ਪਾਰਟੀ ਨੇ ਪੰਜਾਬ ਨੂੰ ਭ੍ਰਿਸ਼ਟਾਚਾਰ-ਮੁਕਤ ਅਤੇ ਪਾਰਦਰਸ਼ੀ ਪ੍ਰਸ਼ਾਸਨ ਦਾ ਸੁਪਨਾ ਦਿਖਾਇਆ ਸੀ, ਪਰ ਅੱਜ ਹਕੀਕਤ ਇਹ ਹੈ ਕਿ ਲੱਖਾਂ ਨੌਜਵਾਨ ਭਰਤੀ ਪ੍ਰਕਿਰਿਆ 'ਤੇ ਹੀ ਭਰੋਸਾ ਗੁਆ ਬੈਠੇ ਹਨ। ਹਰ ਨਵਾਂ ਪੇਪਰ ਲੀਕ ਸਰਕਾਰ ਦੀ ਨਾਕਾਮੀ ਦਾ ਚਾਰਜਸ਼ੀਟ ਬਣ ਚੁੱਕਾ ਹੈ ਅਤੇ ਹਰ ਭਰਤੀ ਘੁਟਾਲਾ ਨੌਜਵਾਨਾਂ ਦੀ ਮਿਹਨਤ 'ਤੇ ਡਾਕਾ ਹੈ।

ਉਨ੍ਹਾਂ ਕਿਹਾ ਕਿ ਹੁਣ ਜਾਂਚਾਂ ਅਤੇ ਬਹਾਨਿਆਂ ਦਾ ਸਮਾਂ ਲੰਘ ਚੁੱਕਾ ਹੈ। ਪੰਜਾਬ ਦੇ ਲੋਕ ਜਵਾਬਦੇਹੀ ਚਾਹੁੰਦੇ ਹਨ। ਜੇ ਆਮ ਆਦਮੀ ਪਾਰਟੀ ਆਪਣੇ ਹੀ ਬਣਾਏ ਨੈਤਿਕ ਮਾਪਦੰਡਾਂ 'ਤੇ ਖਰੀ ਉਤਰਨਾ ਚਾਹੁੰਦੀ ਹੈ ਤਾਂ ਸਿੱਖਿਆ ਮੰਤਰੀ ਅਤੇ ਮੈਡੀਕਲ ਸਿੱਖਿਆ ਮੰਤਰੀ ਤੋਂ ਤੁਰੰਤ ਅਸਤੀਫ਼ੇ ਲੈ ਕੇ ਇਹ ਸਾਬਤ ਕਰੇ ਕਿ ਉਸ ਲਈ ਨੈਤਿਕਤਾ ਸਿਰਫ਼ ਵਿਰੋਧੀਆਂ ਲਈ ਨਹੀਂ, ਆਪਣੇ ਲਈ ਵੀ ਬਰਾਬਰ ਹੈ।

ਯੁੱਧ ਨਸ਼ਿਆਂ ਵਿਰੁੱਧ ਮੁਹਿੰਮ ਤਹਿਤ

# ਦੋ ਔਰਤਾਂ ਕਾਬੂ, 20.790 ਕਿਲੋਗ੍ਰਾਮ ਭੁੱਕੀ ਚੂਰਾ ਪੋਸਤ ਡੋਡੇ ਬਰਾਮਦ

**ਤਲਵੰਡੀ ਸਾਬੋ, 25 ਜੁਲਾਈ (ਗੁਰਜੰਟ ਸਿੰਘ ਨਥੇਹਾ)**- ਬਠਿੰਡਾ ਪੁਲਿਸ ਵੱਲੋਂ ਨਸ਼ਿਆਂ ਖ਼ਿਲਾਫ਼ ਚਲਾਈ ਜਾ ਰਹੀ "ਯੁੱਧ ਨਸ਼ਿਆਂ ਵਿਰੁੱਧ" ਮੁਹਿੰਮ ਤਹਿਤ ਵੱਡੀ ਕਾਰਵਾਈ ਕਰਦਿਆਂ ਦੋ ਔਰਤਾਂ ਨੂੰ ਕਾਬੂ ਕਰਕੇ ਉਨ੍ਹਾਂ ਦੇ ਕਬਜ਼ੇ ਵਿੱਚੋਂ 20.790 ਕਿਲੋਗ੍ਰਾਮ ਭੁੱਕੀ ਚੂਰਾ ਪੋਸਤ ਡੋਡੇ ਬਰਾਮਦ ਕੀਤੇ ਗਏ ਹਨ। ਪ੍ਰਾਪਤ ਜਾਣਕਾਰੀ ਅਨੁਸਾਰ ਮੈਡਮ ਜਯੋਤੀ ਯਾਦਵ ਬੈਂਸ, ਆਈ.ਪੀ.ਐਸ., ਸੀਨੀਅਰ ਕਪਤਾਨ ਪੁਲਿਸ ਬਠਿੰਡਾ ਦੇ ਦਿਸ਼ਾ-ਨਿਰਦੇਸ਼ਾਂ ਅਨੁਸਾਰ ਚਲਾਈ ਜਾ ਰਹੀ ਇਸ ਮੁਹਿੰਮ ਤਹਿਤ ਸ੍ਰੀ ਜਗਦੀਸ਼ ਕੁਮਾਰ, ਕਪਤਾਨ ਪੁਲਿਸ (ਹੈੱਡਕੁਆਰਟਰ), ਸ੍ਰੀ ਜਸਯਜੋਤ ਸਿੰਘ, ਉਪ ਕਪਤਾਨ ਪੁਲਿਸ ਤਲਵੰਡੀ ਸਾਬੋ ਅਤੇ ਐੱਸ.ਆਈ. ਦਿਲਬਾਗ ਸਿੰਘ, ਮੁੱਖ ਅਫ਼ਸਰ ਥਾਣਾ ਰਾਮਾਂ ਦੀ ਅਗਵਾਈ ਹੇਠ ਸਹਾਇਕ ਥਾਣੇਦਾਰ ਕੁਲਵਿੰਦਰ ਸਿੰਘ (ਨੰ. 1122/ਬਠਿੰਡਾ), ਇੰਚਾਰਜ ਪੁਲਿਸ ਚੌਕੀ ਰਿਫਾਇਨਰੀ ਸਮੇਤ ਪੁਲਿਸ ਪਾਰਟੀ ਨੇ ਪਿੰਡ ਬਾਘਾ ਦੇ ਇਲਾਕੇ ਵਿੱਚ ਕਾਰਵਾਈ ਕਰਦਿਆਂ ਰਮਨਦੀਪ ਕੌਰ ਉਰਫ਼ ਰਮਨ ਪੁੱਤਰੀ ਰੇਸ਼ਮ ਸਿੰਘ ਵਾਸੀ ਪਿੰਡ ਜੀਵਨ ਸਿੰਘ ਵਾਲਾ, ਥਾਣਾ ਤਲਵੰਡੀ ਸਾਬੋ ਅਤੇ ਸੁਖਪਾਲ ਕੌਰ ਉਰਫ਼ ਬੱਬੂ ਪੁੱਤਰੀ ਭੋਲਾ ਸਿੰਘ ਵਾਸੀ ਗਲੀ ਨੰਬਰ 19, ਕੋਠੀ ਵਾਲਾ ਰਾਹ, ਤਲਵੰਡੀ ਸਾਬੋ ਨੂੰ ਕਾਬੂ ਕੀਤਾ। ਤਲਾਸ਼ੀ ਦੌਰਾਨ ਦੋਵਾਂ ਦੇ ਕਬਜ਼ੇ ਵਿੱਚੋਂ 20.790 ਕਿਲੋਗ੍ਰਾਮ ਭੁੱਕੀ ਚੂਰਾ ਪੋਸਤ ਡੋਡੇ ਬਰਾਮਦ ਹੋਏ।ਪੁਲਿਸ ਨੇ ਦੋਵਾਂ ਖ਼ਿਲਾਫ਼ ਐੱਨ.ਡੀ.ਪੀ.ਐੱਸ.ਐਕਟ ਤਹਿਤ ਮਾਮਲਾ ਦਰਜ ਕਰਕੇ ਉਨ੍ਹਾਂ ਨੂੰ ਗ੍ਰਿਫ਼ਤਾਰ ਕਰ ਲਿਆ ਹੈ।ਪੁਲਿਸ ਅਨੁਸਾਰ ਦੋਵੇਂ ਮੁਲਜ਼ਮ ਔਰਤਾਂ ਇਸ ਸਮੇਂ ਥਾਣਾ ਰਾਮਾਂ ਦੀ ਹਵਾਲਾਤ ਵਿੱਚ ਹਨ। ਉਨ੍ਹਾਂ ਨੂੰ ਅਦਾਲਤ ਵਿੱਚ ਪੇਸ਼ ਕਰਕੇ ਪੁਲਿਸ ਰਿਮਾਂਡ ਹਾਸਲ ਕੀਤਾ ਜਾਵੇਗਾ ਤਾਂ ਜੋ ਡੂੰਘਾਈ ਨਾਲ ਪੁੱਛਗਿੱਛ ਕਰਕੇ ਨਸ਼ਾ ਤਸਕਰੀ ਨਾਲ ਜੁੜੇ ਹੋਰ ਵਿਅਕਤੀਆਂ ਅਤੇ ਨੈੱਟਵਰਕ ਬਾਰੇ ਜਾਣਕਾਰੀ ਇਕੱਠੀ ਕੀਤੀ ਜਾ ਸਕੇ।



ਪੁਲਿਸ ਨੇ ਇਹ ਵੀ ਦੱਸਿਆ ਕਿ ਰਮਨਦੀਪ ਕੌਰ ਉਰਫ਼ ਰਮਨ ਖ਼ਿਲਾਫ਼ ਪਹਿਲਾਂ ਵੀ ਥਾਣਾ ਲੰਬੀ, ਜ਼ਿਲ੍ਹਾ ਸ੍ਰੀ ਮੁਕਤਸਰ ਸਾਹਿਬ ਵਿੱਚ ਮੁਕੱਦਮਾ ਨੰਬਰ 60 ਮਿਤੀ 1 ਮਾਰਚ 2026 ਅਧੀਨ ਧਾਰਾ 15(ਬੀ)/61/85 ਐੱਨ.ਡੀ.ਪੀ.ਐੱਸ. ਐਕਟ ਤਹਿਤ ਮਾਮਲਾ ਦਰਜ ਹੈ। ਪੁਲਿਸ ਵੱਲੋਂ ਮਾਮਲੇ ਦੀ ਅਗਲੇਰੀ ਜਾਂਚ ਜਾਰੀ ਹੈ।

# 2027 'ਚ ਬਣੇਗੀ ਆਕਾਲੀ ਦਲ ਵਾਰਿਸ ਪੰਜਾਬ ਦੀ ਬਣੇਗੀ ਸਰਕਾਰ-ਸੰਤ ਬਾਬਾ ਬਿਬੇਕ ਸਿੰਘ ਜੰਡਿਆਲਾ ਗੁਰੂ

**ਚੌਕ ਮਹਿਤਾ, 25 ਜੁਲਾਈ ( ਬਾਬਾ ਸੁਖਵੰਤ ਸਿੰਘ ਚੰਨਣਕੇ)**-ਸ਼੍ਰੋਮਣੀ ਅਕਾਲੀ ਦਲ ਵਾਰਿਸ ਪੰਜਾਬ ਦੇ ਪ੍ਰਧਾਨ ਭਾਈ ਅਮ੍ਰਿਤਪਾਲ ਸਿੰਘ ਦੀ ਅਗਵਾਈ 'ਚ 'ਪੰਜਾਬ ਬਚਾਓ,ਪੰਥ ਬਚਾਉ ਰੈਲੀ' ਮੁਹਿੰਮ ਨੂੰ ਲੋਕਾਂ ਦਾ ਤਗੜਾ ਹੁੰਗਾਰਾ ਮਿਲ ਰਿਹਾ ਹੈ ਇਹ ਪ੍ਰਗਟਾਵਾ ਹਲਕਾ ਜੰਡਿਆਲਾ ਗੁਰੂ ਦੇ ਸੀਨੀਅਰ ਅਕਾਲੀ ਦਲ ਵਾਰਿਸ ਪੰਜਾਬ ਦੇ ਆਗੂ ਸੇਵਾਦਾਰ ਸੰਤ ਬਾਬਾ ਬਿਬੇਕ ਸਿੰਘ ਗੁਰਦੁਆਰਾ ਨਾਨਕਸਰ ਸਾਹਿਬ, ਨਗਰ ਨਾਨਕਸਰ, ਜੰਡਿਆਲਾ ਗੁਰੂ ਨੇ ਅੱਜ ਇਥੇ ਗੱਲਬਾਤ ਕਰਦਿਆਂ ਕੀਤਾ।ਉਨ੍ਹਾਂ ਆਖਿਆ ਕਿ ਅਕਾਲੀ ਦਲ ਵਾਰਿਸ ਪੰਜਾਬ ਦੀ ਹਰ ਰੈਲੀ ਵਿਚ ਲੋਕਾਂ ਦਾ ਠਾਠਾਂ ਮਾਰਦਾ ਇਕੱਠ ਇਸ ਗੱਲ ਦਾ ਸਪੱਸ਼ਟ ਸੰਕੇਤ ਹੈ ਕਿ 2027 ਦੀਆਂ ਵਿਧਾਨ ਸਭਾ ਚੋਣਾਂ ਵਿਚ ਭਾਰੀ ਬਹੁਮਤ ਨਾਲ ਸ਼੍ਰੋਮਣੀ ਅਕਾਲੀ ਦਲ ਵਾਰਿਸ ਪੰਜਾਬ ਦੀ ਸਰਕਾਰ ਬਣੇਗੀ ਅਤੇ ਭਾਈ ਅਮ੍ਰਿੰਤਪਾਲ ਸਿੰਘ ਮੁੱਖ ਮੰਤਰੀ ਹੋਣਗੇ। ਉਨ੍ਹਾਂ ਕਿਹਾ ਕਿ 'ਆਪ' ਸਰਕਾਰ ਦੀਆਂ ਮਾਰੂ ਨੀਤੀਆਂ ਤੋਂ ਤੰਗ ਆਏ ਲੋਕ ਆਪਣੀ ਪੰਥਕ ਪਾਰਟੀ ਦੇ ਹੱਕ ਵਿੱਚ ਡੱਟਣ ਲਈ ਕਮਰਕੱਸੇ ਕਰ ਚੁੱਕੇ ਹਨ। ਮੌਜੂਦਾ ਸਰਕਾਰ ਦੀ ਬਿਨਾਂ ਪ੍ਰਵਾਹ ਕੀਤੇ ਨੌਜਵਾਨ, ਬਜ਼ੁਰਗ ਅਤੇ ਬੀਬੀਆਂ ਵਹੀਰਾਂ ਘੱਤ ਕੇ ਅਕਾਲੀ ਦਲ ਵਾਰਿਸ ਪੰਜਾਬ ਦੀਆਂ ਰੈਲੀਆਂ ਵਿੱਚ ਪਹੁੰਚ ਰਹੇ ਹਨ।ਸੰਤ ਬਾਬਾ ਬਿਬੇਕ ਸਿੰਘ ਜੀ ਕਿਹਾ ਕਿ ਅਕਾਲੀ ਦਲ ਵਾਰਿਸ ਪੰਜਾਬ ਨੇ ਹਮੇਸ਼ਾਂ ਗਰੀਬਾਂ ਦੀ ਲੜਾਈ, ਕਿਸਾਨਾਂ, ਵਪਾਰੀਆਂ ਅਤੇ ਪੰਜਾਬ ਨੌਜਵਾਨਾ ਨੂੰ ਨਸ਼ੇ ਛੱਡਣ ਲਈ ਪ੍ਰੇਰਿਤ ਕੀਤਾ ਗਿਆ ਅਤੇ ਗੁਰੂ ਸਾਹਿਬ ਜੀ ਦੇ ਲੱੜ ਲਾਇਆ ਅਤੇ ਹੱਕਾਂ ਦੀ ਲੜਾਈ ਹਿੱਕ ਡਾਹ ਕੇ ਲੜੀ ਹੈ। ਜਿਸ ਕਰਕੇ ਹਰ ਵਰਗ ਨਾਲ ਸਬੰਧਤ ਲੋਕ ਹੁਣ ਆਕਾਲੀ ਦਲ ਵਾਰਿਸ ਪੰਜਾਬ ਦੀ ਸਰਕਾਰ ਨੂੰ ਦੇਖਣਾ ਚਾਹੁੰਦੇ ਹਨ।



# ਆਮ ਆਦਮੀ ਪਾਰਟੀ ਦੀ ਸਰਕਾਰ ਨੇ ਲੋਕਾਂ ਦਾ ਦਿਲ ਜਿੱਤਿਆ : ਸਰਪੰਚ ਮੇਜਰ ਸਿੰਘ ਰੰਧਾਵਾ ਨਵੇਂ ਚੰਨਣਕੇ

**ਚੌਕ ਮਹਿਤਾ, 25 ਜੁਲਾਈ (ਬਾਬਾ ਸੁਖਵੰਤ ਸਿੰਘ ਚੰਨਣਕੇ)**- ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਨੇ ਆਪਣੀ ਆਖਰੀ ਚੋਣ ਗਾਰੰਟੀ ਨੂੰ ਪੂਰਾ ਕਰਕੇ, ਮੁੱਖ ਮੰਤਰੀ ਮਾਵਾਂ ਧੀਆਂ ਸਤਿਕਾਰ ਯੋਜਨਾ ਰਾਹੀਂ ਪੰਜਾਬ ਦੇ ਹਰ ਵਰਗ ਦੇ ਲੋਕਾਂ ਦਾ ਦਿਲ ਜਿੱਤ ਲਿਆ ਹੈ। ਇਨ੍ਹਾਂ ਸ਼ਬਦਾਂ ਦਾ ਪ੍ਰਗਟਾਵਾ ਆਮ ਆਦਮੀ ਪਾਰਟੀ ਹਲਕਾ ਮਜੀਠਾ ਦੇ ਸੀਨੀਅਰ ਆਗੂ ਸਰਪੰਚ ਮੇਜਰ ਸਿੰਘ ਰੰਧਾਵਾ ਨਵੇਂ ਚੰਨਣਕੇ ਨੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਕੀਤਾ। ਉਨ੍ਹਾਂ ਕਿਹਾ ਕਿ ਆਮ ਆਦਮੀ ਪਾਰਟੀ ਦੀ ਸਰਕਾਰ ਨੇ ਚੋਣਾਂ ਦੌਰਾਨ ਲੋਕਾਂ ਨਾਲ ਕੀਤੇ ਆਪਣੇ ਸਾਰੇ ਵਾਅਦੇ ਪੂਰੇ ਕੀਤੇ ਹਨ, ਜਿਸ ਤਹਿਤ ਆਪਣੀ ਵੱਡੀ ਗਾਰੰਟੀ ਨੂੰ ਪੂਰਾ ਕਰਦਿਆਂ ਸਰਕਾਰ ਨੇ ਔਰਤਾਂ ਦੀ ਆਰਥਿਕ ਮਜ਼ਬੂਤੀ ਲਈ ਵੱਡਾ ਕਦਮ ਚੁੱਕਿਆ ਹੈ ਅਤੇ ਮਾਵਾਂ ਧੀਆਂ ਸਤਿਕਾਰ ਯੋਜਨਾ ਤਹਿਤ ਨਿਰਧਾਰਿਤ ਰਾਸ਼ੀ ਸਿੱਧੀ ਮਹਿਲਾਵਾਂ ਦੇ ਖਾਤਿਆਂ ਵਿੱਚ ਪਾਈ ਗਈ ਹੈ, ਜਿਸ ਤਹਿਤ ਸਾਰੀਆਂ ਮਹਿਲਾਵਾਂ ਨੂੰ 3000 ਹਜ਼ਾਰ ਰੁਪਏ ਅਤੇ ਅਨੁਸੂਚਿਤ ਜਾਤੀ ਦੀਆਂ ਮਹਿਲਾਵਾਂ ਨੂੰ 4500 ਉਨ੍ਹਾਂ ਦੇ ਖਾਤਿਆਂ ਵਿੱਚ ਜਮ੍ਹਾਂ ਹੋ ਗਏ ਹਨ। ਉਨ੍ਹਾਂ ਕਿਹਾ ਕਿ ਇਹ ਪਹਿਲੀ ਵਾਰ ਹੋਇਆ ਹੈ ਕਿ ਕਿਸੇ ਸਰਕਾਰ ਨੇ ਬਿਨਾਂ ਕਿਸੇ ਪੱਖਪਾਤ ਤੋਂ ਹਰ ਵਰਗ ਦੀਆਂ ਮਹਿਲਾਵਾਂ ਨੂੰ ਇਸ ਸਕੀਮ ਵਿੱਚ ਸ਼ਾਮਲ ਕੀਤਾ ਹੈ। ਇਸ ਮੌਕੇ ਤੇ ਸਰਪੰਚ ਮੇਜਰ ਸਿੰਘ ਰੰਧਾਵਾ ਨਵੇਂ ਚੰਨਣਕੇ ਨੇ ਕਿਹਾ ਕਿ ਹਲਕਾ ਮਜੀਠਾ ਦੇ ਇੰਚਾਰਜ ਸ, ਤਲਬੀਰ ਸਿੰਘ ਗਿੱਲ ਅਗਵਾਈ ਹੇਠ ਹਲਕ ਦਾ ਵਿਕਾਸ ਦਿਨ ਰਾਤ ਚੱਲ ਰਿਹਾ ਹੈ। ਆਉਂਣ ਵਾਲੀਆਂ 2027 ਦੀਆਂ ਵਿੱਚ ਤਲਬੀਰ ਸਿੰਘ ਗਿੱਲ ਦੀ ਵਿਚ ਬਹੁ ਗਿਣਤੀ ਵਿੱਚ ਵੋਟਾਂ ਪਾਕੇ ਆਮ ਆਦਮੀ ਪਾਰਟੀ ਦੀ ਮਜ਼ਬੂਤੀ ਲਈ ਦਿਨ ਰਾਤ ਇੱਕ ਕੀਤਾ ਜਾਵੇਗਾ।



# ਵਾਤਾਵਰਣ ਨੂੰ ਬਚਾਉਣ ਲਈ ਹਰ ਮਨੁੱਖ, ਲਗਾਏ ਇਕ ਰੁੱਖ: ਬਾਬਾ ਕੁਲਵਿੰਦਰ ਸਿੰਘ





ਮਾਲੇਰਕੋਟਲਾ (ਰਣਜੀਤ ਸਿੰਘ ਪੇਧਨੀ) ਨੌਜਵਾਨ ਸਭਾ ਪਿੰਡ ਅਬਦੁੱਲਾਪੁਰ ਚੁਹਾਣੇ ਕਲਾਂ ਅਤੇ ਗੁਰਦੁਆਰਾ ਧੰਨ ਧੰਨ ਬਾਬੇ ਸਿੰਘ ਸ਼ਹੀਦ ਅਸਥਾਨ ਦੇ ਮੁੱਖ ਸੇਵਾਦਾਰ ਬਾਬਾ ਕੁਲਵਿੰਦਰ ਸਿੰਘ ਦੀ ਯੋਗ ਅਗਵਾਈ ਹੇਠ ਮੀਰੀ ਪੀਰੀ ਦਿਵਸ਼ ਨੂੰ ਸਮਰਪਿਤ ਬੂਟੇ ਲਗਾਉਣ ਦੀ ਸ਼ੁਰੂਆਤ ਕੀਤੀ ਗਈ। ਇਸ ਮੌਕੇ ਪ੍ਰੈਸ ਨਾਲ ਜਾਣਕਾਰੀ ਸਾਂਝੀ ਕਰਦਿਆਂ ਉੱਘੇ ਸਮਾਜ ਸੇਵੀ ਬਾਬਾ ਕੁਲਵਿੰਦਰ ਸਿੰਘ ਨੇ ਕਿਹਾ ਕਿ ਵਾਤਾਵਰਨ ਦੀ ਸ਼ੁੱਧਤਾ ਦੇ ਲਈ ਹਰ ਇਨਸਾਨ ਨੂੰ ਇੱਕ ਪੌਦਾ, ਦਰਖਤ ਲਗਾ ਕੇ ਉਸ ਦੀ ਸਾਂਭ ਸੰਭਾਲ ਕਰਨੀ ਅਤੀ ਜਰੂਰੀ ਹੈ।ਉਹਨਾਂ ਕਿਹਾ ਕਿ ਅਸੀਂ ਵਣ ਉਤਸਵ ਤਾ ਮਨਾਉਂਦੇ ਹਾਂ, ਪਰ ਪੌਦੇ ਲਗਾ ਕੇ ਉਹਨਾਂ ਨੂੰ ਵਿੱਚ ਹੀ ਛੱਡ ਦਿੰਦੇ ਹਾਂ। ਉਹਨਾਂ ਦੀ ਸਾਂਭ ਸੰਭਾਲ ਨਹੀਂ ਕਰਦੇ ਜਿਸ ਕਰਕੇ ਬੂਟੇ ਪਿੱਛੋਂ ਸੁੱਕ ਜਾਂਦੇ ਹਨ। ਉਹਨਾਂ ਹਰ ਵਿਅਕਤੀ ਨੂੰ ਅਪੀਲ ਕੀਤੀ ਕਿ ਉਹ ਆਪਣੇ ਘਰ ਵਿੱਚ ਇੱਕ ਪੌਦਾ ਲਗਾ ਕੇ ਉਸ ਦੀ ਚੰਗੀ ਤਰ੍ਹਾਂ ਸਾਂਭ ਸੰਭਾਲ ਕਰਨ ਤਾਂ ਜੋ ਆਉਣ ਵਾਲੇ ਸਮੇਂ ਵਿੱਚ ਵਾਤਾਵਰਨ ਨੂੰ ਬਚਾ ਕੇ ਹਰਿਆਲੀ ਨੂੰ ਬਚਾਉਣ ਲਈ ਆਪਣਾ ਅਹਿਮ ਯੋਗਦਾਨ ਪਾ ਸਕੀਏ। ਇਸ ਮੌਕੇ ਪ੍ਰਧਾਨ ਗਰਮੇਲ ਸਿੰਘ ,ਖ਼ਜ਼ਾਨਚੀ ਮਨਜੀਤ ਸਿੰਘ ,ਮੈਂਬਰ ਅਵਤਾਰ ਸਿੰਘ ਤਾਰੀ,ਬਲਬੀਰ ਸਿੰਘ ਏਐਸਆਈ ਕਰਮਜੀਤ ਸਿੰਘ ਹਾਜਰ ਸਨ।

ਆਵਾਜ਼ਿ ਕੌਮ AWAZE QAUM International Newspaper & WEB TV
ਸਿੱਖ ਕੌਮ ਅਤੇ ਪੰਜਾਬੀਅਤ ਦਾ ਪਹਿਰੇਦਾਰ
ਆਵਾਜ਼ਿ ਕੌਮ
ਵਿੱਚ ਵਿਸ਼ਵ ਪੱਧਰ 'ਤੇ ਇਸ਼ਤਿਹਾਰ ਦੇਣ ਲਈ ਸੰਪਰਕ ਕਰੋ : +447458381111 +447976210161 +919729091243

# ਸੰਤ ਸ਼ਹੀਦ ਨਹੀਂ ਸਨ ਹੋਣੇ ਚਾਹੀਦੇ : ਬੀਬੀ ਮਹਿਦਰ ਕੌਰ
# ਜੇਕਰ ਅੱਜ ਉਹ ਹੁੰਦੇ ਤਾਂ ਉਨਾਂ ਸਾਨੂੰ ਸਭ ਪਰਿਵਾਰਾਂ ਨੂੰ ਸੰਭਾਲ ਲੈਣਾ ਸੀ

ਬੀਬੀ ਮਹਿੰਦਰ ਕੌਰ ਸੁਪਤਨੀ ਸ਼ਹੀਦ ਭਾਈ ਮਹਿੰਦਰ ਸਿੰਘ ਗੱਜਣ ਸਿੰਘ ਨਾਲ ਮੇਰੀ ਮੁਲਾਕਾਤ ਇੱਕ ਬਹੁਤ ਵੱਡਾ ਸਬੱਬ ਬਣ ਗਿਆ। ਉਮਰ ਦੀ ਇਸ ਦਹਿਲੀਜ਼ ਵਿੱਚ ਵੀ ਇਸ ਕਦਰ ਚੜਦੀ ਕਲਾ ਵਿੱਚ ਹਨ ਬੀਬੀ ਜੀ ਕਿ ਮੈਨੂੰ ਖੁਦ ਨੂੰ ਬਹੁਤ ਮਾਨ ਮਹਿਸੂਸ ਹੋਇਆ ਉਨਾਂ ਨੂੰ ਮਿਲ ਕੇ। ਭਾਈ ਲਵਸ਼ਿੰਦਰ ਸਿੰਘ ਡੱਲੇਵਾਲ ਜੀ ਦੀ ਕਿਤਾਬ ਸਿੱਦਕੀ ਤੇ ਸੰਘਰਸ਼ੀ ਜਦੋਂ ਮੈਂ ਸੰਪਾਦਤ ਕਰ ਰਹੀ ਸੀ ਤਾਂ ਇਸ ਕਿਤਾਬ ਵਿਚਲਾ ਚੈਪਟਰ 147 ਨੰਬਰ ਪੰਨੇ 'ਤੇ ਆਇਆ ਬੀਬੀ ਮਹਿੰਦਰ ਕੌਰ। ਲੇਖਕ ਵੱਲੋਂ ਲਿਖਿਆ ਇਹ ਚੈਪਟਰ ਜਦੋਂ ਮੈਂ ਪੜਣਾ ਸ਼ੁਰੂ ਕੀਤਾ ਤਾਂ ਇਸ ਚੈਪਟਰ ਵਿੱਚ ਮੈਂ ਬੀਬੀ ਜੀ ਨੂੰ ਆਪਣੇ ਸ਼ਹੀਦ ਸਿੰਘ ਦੀ ਤਸਵੀਰ ਜੋ ਕਿ ਸ਼੍ਰੀ ਅਕਾਲ ਤਖਤ ਸਾਹਿਬ ਵਿਖੇ ਸ਼ਹੀਦੀ ਗੈਲਰੀ ਵਿੱਚ ਲੱਗੀ ਹੈ ਨੂੰ ਸਪਰਸ਼ ਕਰਦੇ ਹੋਏ ਇੱਕ ਤਸਵੀਰ ਦੇਖੀ। ਉਹ ਤਸਵੀਰ ਮੈਨੂੰ ਬਹੁਤ ਭਾਵੁਕ ਕਰ ਗਈ। ਕਿੰਨੇ ਹੀ ਅਣਗਿਣਤ ਪਰਿਵਾਰ ਹਨ ਜਿੰਨਾਂ ਕੋਲ ਉਨਾਂ ਦੇ ਸਿੰਘਾਂ ਦੀਆਂ ਸਿਰਫ ਇਹ ਤਸਵੀਰਾਂ ਹੀ ਰਹਿ ਗਈਆਂ ਹਨ। ਬੀਬੀ ਜੀ ਦੀ ਇਹ ਤਸਵੀਰ ਦੇਖ ਕੇ ਮੈਨੂੰ ਇੰਜ ਮਹਿਸੂਸ ਹੋਇਆ ਜਿਵੇਂ ਬੀਬੀ ਜੀ ਕੁਝ ਲੱਭ ਰਹੇ ਹੋਣ। ਸਿੱਦਕੀ ਤੇ ਸੰਘਰਸ਼ੀ ਕਿਤਾਬ ਛਪੀ ਤਾਂ ਵੀਰ ਕੁਲਜੀਤ ਸਿੰਘ ਦਾ ਫੋਨ ਆਇਆ ਅਤੇ ਕਹਿਣ ਲੱਗੇ, "ਭੈਣ ਜੀ ਮੇਰੇ ਮਾਤਾ ਜੀ 5 ਜੂਨ ਨੂੰ ਸ਼੍ਰੀ ਅਕਾਲ ਤਖਤ ਸਾਹਿਬ ਵਿਖੇ ਪਹੁੰਚ ਰਹੇ ਹਨ ਆਪ ਜੀ ਉਨਾਂ ਨੂੰ ਕਿਤਾਬ ਜ਼ਰੂਰ ਦੇ ਦੇਣਾ ਜੀ।" ਮੈਂ "ਸੱਤ ਬਚਨ" ਕਹਿ ਕੇ ਬੀਬੀ ਜੀ ਨੂੰ ਮਿਲਣ ਦੀ ਤਿਆਰੀ ਕਰਣ ਲੱਗੀ। ਮੈਂ ਤੇ ਮੇਰੀ ਬੇਟੀ ਮਨਜਾਪ ਕੌਰ ਗਿੱਲ ਮਿੱਥੇ ਸਮੇਂ ਤੇ ਸ਼੍ਰੀ ਅਕਾਲ ਤਖਤ ਸਾਹਿਬ ਵਿਖੇ ਪਹੁੰਚ ਗਏ। ਸਾਦਗੀ ਦੀ ਮੂਰਤ ਬੀਬੀ ਮਹਿੰਦਰ ਕੌਰ ਜੀ ਬਹੁਤ ਹੀ ਪਿਆਰ ਨਾਲ ਗੱਲਵਕੜੀ ਵਿੱਚ ਲੈ ਕੇ ਸਾਨੂੰ ਮਾਵਾਂ ਧੀਆਂ ਨੂੰ ਮਿਲੇ। ਬੀਬੀ ਜੀ ਕਹਿੰਦੇ, "ਆ ਜਾਓ ਸ਼ਹੀਦਾਂ ਕੋਲ ਚੱਲਦੇ ਹਾਂ।" ਸ਼ਹੀਦੀ ਗੈਲਰੀ ਦੇ ਰਸਤੇ ਵੱਲ ਇਸ਼ਾਰਾ ਕਰਦੇ ਹੋਏ। ਮੇਰੇ ਲਈ ਬੀਬੀ ਜੀ ਦੇ ਉਹ ਅਲਫਾਜ ਬਹੁਤ ਭਾਵੁਕ ਸਨ। ਮੈਂ ਤੇ ਮੇਰੀ ਬੇਟੀ ਉਨਾਂ ਦੇ ਮਗਰ-ਮਗਰ ਤੁਰ ਪਏ। ਬੀਬੀ ਮਹਿੰਦਰ ਕੌਰ ਜੀ ਨੇ ਬੜੇ ਸਤਿਕਾਰ ਨਾਲ ਸ਼ਹੀਦੀ ਗੈਲਰੀ ਦੇ ਸ਼ੁਰੂਆਤ ਵਿੱਚ ਲੱਗੀਆਂ ਤਸਵੀਰਾਂ ਸ਼ਹੀਦ ਸੰਤ ਜਰਨੈਲ ਸਿੰਘ ਖ਼ਾਲਸਾ ਜੀ, ਸ਼ਹੀਦ ਜਨਰਲ ਸ਼ਬੇਗ ਸਿੰਘ ਜੀ, ਸ਼ਹੀਦ ਭਾਈ ਅਮਰੀਕ ਸਿੰਘ ਜੀ ਅਤੇ ਸ਼ਹੀਦ ਬਾਬਾ ਠਾਹਰਾ ਸਿੰਘ ਜੀ ਦੀਆਂ ਤਸਵੀਰਾਂ ਨੂੰ ਹੱਥ ਜੋੜ ਕੇ ਇੱਕ ਮਿੰਟ ਲਈ ਨਿਹਾਰਿਆ। ਫਿਰ ਸ਼ਹੀਦੀ ਗੈਲਰੀ ਦੇ ਅੰਦਰ ਨਿੱਕੇ-ਨਿੱਕੇ ਪੈਰ ਪੁੱਟਣੇ ਸ਼ੁਰੂ ਕਰ ਦਿੱਤੇ। ਸਭ ਲੱਗੀਆਂ ਸ਼ਹੀਦਾਂ ਦੀਆਂ ਤਸਵੀਰਾਂ ਨੂੰ ਬੜੇ ਗੌਰ ਨਾਲ ਦੇਖਦੇ ਹੋਏ ਬੀਬੀ ਜੀ ਅੱਗੇ ਵੱਧ ਰਹੇ ਸਨ ਅਤੇ ਮੈਂ ਤੇ ਮੇਰੀ ਬੇਟੀ ਉਨਾਂ ਦੇ ਪਿੱਛੇ-ਪਿੱਛੇ ਵੱਧ ਰਹੇ ਸੀ। ਮੇਰੀ ਨਜ਼ਰ ਬੀਬੀ ਜੀ ਦੀ ਅੱਖ ਵਿੱਚ ਸੀ। ਸ਼ਾਇਦ ਮੈਂ ਬੀਬੀ ਜੀ ਦੀ ਅੰਦਰ ਦੀ ਤਕਲੀਫ ਨੂੰ ਸਮਝਣ ਦੀ ਕੋਸ਼ਿਸ਼ ਕਰ ਰਹੀ ਸੀ। ਨਿੱਕੇ-ਨਿੱਕੇ ਕਦਮਾਂ ਨਾਲ ਉਹ ਲਮੇਰਾ ਪੈਂਡਾ ਸ਼ਹੀਦ ਭਾਈ ਮਹਿੰਦਰ ਸਿੰਘ ਜੀ ਦੀ ਤਸਵੀਰ ਕੋਲ ਜਾ ਕੇ ਖਤਮ ਹੋਇਆ। ਬੀਬੀ ਜੀ ਬੜੇ ਹੀ ਸਤਿਕਾਰ ਨਾਲ ਆਪਣੀ ਚੁੰਨੀ ਦੇ ਪੱਲੇ ਨੂੰ ਭਾਈ ਮਹਿੰਦਰ ਸਿੰਘ ਜੀ ਦੀ ਤਸਵੀਰ ਉੱਪਰ ਫੇਰਣ ਲੱਗ ਪਏ। ਮੈਂ ਆਪਣੀ ਬੇਟੀ ਵੱਲ ਜਦ ਦੇਖਿਆ ਤਾਂ ਉਹ ਇਹ ਸਭ ਦੇਖ ਕੇ ਬਹੁਤ ਭਾਵੁਕ ਹੋ ਗਈ ਸੀ। ਇੰਨੇ ਨੂੰ ਬੀਬੀ ਜੀ ਜਦੋਂ ਸਾਡੇ ਵੱਲ ਨੂੰ ਮੁੜੇ ਤਾਂ ਉਨਾਂ ਦੀਆਂ ਅੱਖਾਂ ਭਿੱਜੀਆਂ ਹੋਈਆਂ ਸੀ ਤੇ ਆਪਣੇ ਉਸੇ ਹੀ ਪੱਲੇ ਨਾਲ ਆਪਣੀਆਂ ਅੱਖਾਂ ਸਾਫ ਕਰਦੇ ਹੋਏ ਕਹਿੰਦੇ, "ਪੁੱਤ ਇਹ ਨੇ ਮੇਰੇ ਸਿੰਘ।" ਯਕੀਨ ਮੰਨਣਾ ਉਸ ਸਮੇਂ ਮੈਂ ਖੁਦ ਸੁੰਨ ਹੋ ਚੁੱਕੀ ਸੀ। ਬੀਬੀ ਜੀ ਦੇ ਅੰਦਰ ਦੇ ਵੈਰਾਗ ਨੂੰ ਉਨਾਂ ਨੇ ਬਿਨਾਂ ਕੁਝ ਜ਼ਿਆਦਾ ਕਹੇ ਹੀ ਸਮਝਾ ਦਿੱਤਾ ਸੀ। ਬੀਬੀ ਜੀ ਤਸਵੀਰ ਦੇ ਸਾਹਮਣੇ ਚੌਂਕੜਾ ਮਾਰ ਕੇ ਬੈਠ ਗਏ। ਅਸੀਂ ਵੀ ਉਨਾਂ ਕੋਲ ਚੁੱਪ-ਚਾਪ ਬੈਠ ਕੇ ਤਸਵੀਰ ਵੱਲ ਦੇਖ ਰਹੇ ਸੀ। ਦਰਅਸਲ ਮੈਨੂੰ ਸਮਝ ਹੀ ਨਹੀਂ ਲੱਗ ਰਿਹਾ ਸੀ ਕਿ ਬੀਬੀ ਜੀ ਨਾਲ ਮੈਂ ਗੱਲ ਦੀ ਸ਼ੁਰੂਆਤ ਕਿਵੇਂ ਕਰਾਂ। ਅਜੀਬ ਜਿਹਾ ਸਨਾਟਾ ਮੇਰੇ ਦਿਮਾਗ ਉੱਪਰ ਛਾ ਗਿਆ ਸੀ। ਅਖੀਰ ਉਸ ਸਨਾਟੇ ਨੂੰ ਤੋੜਦੇ ਹੋਏ ਬੀਬੀ ਜੀ ਬਹੁਤ ਦਲੇਰੀ ਨਾਲ ਬੋਲੇ ਸਿੰਘ ਸਾਹਿਬ ਦੀ ਉਮਰ ਮਹਿਜ਼ 35 ਸਾਲ ਦੀ ਸੀ। ਬਹੁਤ ਪੜੇ ਲਿਖੇ ਅਤੇ ਸਮਝਦਾਰ ਇਨਸਾਨ ਸਨ। ਹਰ ਪੱਖੋਂ ਮੈਂ ਉਂਨਾਂ ਨੂੰ ਨਿਪੁੰਨ ਸਮਝਦੀ ਸੀ। ਆਪਣੇ ਪਰਿਵਾਰ ਨੂੰ ਪਿਆਰ ਕਰਣ ਵਾਲੇ ਅਤੇ ਸੰਭਾਲਣ ਵਾਲੇ ਸਨ। ਇੱਕ ਦਿਨ ਮੈਨੂੰ ਆ ਕੇ ਕਹਿੰਦੇ ਮੈਂ ਅੰਮ੍ਰਿਤ ਦੀ ਦਾਤ ਲੈਣ ਲੱਗਾ ਹਾਂ ਤੂੰ ਵੀ ਮੇਰੇ ਨਾਲ ਅੰਮ੍ਰਿਤ ਦੀ ਦਾਤ ਲਏਂਗੀ। ਮੈਂ ਕਿਹਾ ਮੈਂ ਤਾਂ ਹਮੇਸ਼ਾਂ ਹੀ ਤੁਹਾਡੇ ਪੈਂਡਿਆਂ ਤੇ ਪਿੱਛੇ-ਪਿੱਛੇ ਹੀ ਹਾਂ। ਬੱਸ ਸ਼ਹੀਦੀ ਪਾਉਣ ਤੋਂ ਮੈਨੂੰ ਕਿਵੇਂ ਪਿੱਛੇ ਛੱਡ ਗਏ ਇਹ ਅੱਜ ਤੱਕ ਮੈਨੂੰ ਸਮਝ ਨਹੀਂ ਆਇਆ। ਅਸੀਂ ਵੀ ਨਾਲ ਹੀ ਸ਼ਹੀਦ ਹੋ ਜਾਂਦੇ। ਬੀਬੀ ਜੀ ਦੇ ਇੰਨਾਂ ਸਬਦਾਂ ਨਾਲ ਮੈਂ ਆਪਣੀ ਅੱਖਾਂ ਵਿੱਚੋਂ ਹੰਝੂ ਕਿਰਦੇ ਰੋਕ ਨਾ ਪਾਈ। ਮੈਂ ਬੀਬੀ ਜੀ ਦੇ ਚਹਿਰੇ ਵੱਲ ਦੇਖ ਰਹੀ ਸੀ ਤੇ ਬੀਬੀ ਜੀ ਤਸਵੀਰ ਵੱਲ, ਬੀਬੀ ਜੀ ਬੋਲ ਰਹੇ ਸਨ ਤੇ ਮੈਂ ਸੁਣ ਰਹੀ ਸੀ। ਇੰਜ ਲੱਗ ਰਿਹਾ ਸੀ ਜਿਵੇਂ 1984 ਦੇ ਸਮੇਂ ਦੀ ਇੱਕ ਰੀਲ ਮੇਰੇ ਸਾਹਮਣੇ ਚੱਲ ਰਹੀ ਹੋਵੇ। ਬੀਬੀ ਜੀ ਨੇ ਦੱਸਿਆ ਕਿ ਅਸੀਂ ਦੋਨਾਂ ਨੇ ਇਕੱਠੇ ਸ਼੍ਰੀ ਫਤਹਿਗੜ ਸਾਹਿਬ ਵਿਖੇ ਸੰਤਾਂ ਕੋਲੋ ਅੰਮ੍ਰਿਤ ਸੰਚਾਰ ਦੀ ਦਾਤ ਹਾਂਸਿਲ ਕੀਤੀ ਅਤੇ ਗੁਰੂ ਵਾਲੇ ਬਣ ਗਏ। ਮੇਰੇ ਸਿੰਘ ਵੀ ਆਪਣੇ ਆਖ਼ਰੀ ਸਾਹਾਂ ਤੱਕ ਆਪਣਾ ਸਿੱਖੀ ਸਿੱਦਕ ਨਿਭਾ ਗਏ ਅਤੇ ਮੈਂ ਵੀ ਆਪਣਾ ਸਾਰਾ ਜੀਵਨ ਇਸੇ ਸਿੱਦਕ ਵਿੱਚ ਗੁਜ਼ਾਰ ਰਹੀ ਹਾਂ। ਬੀਬੀ ਜੀ ਦੱਸਦੇ ਕਿ ਸੰਤਾਂ ਨੇ ਉਨਾਂ ਨੂੰ ਗੁਰੂ ਨਾਨਕ ਨਿਵਾਸ ਵਿੱਚ ਕਮਰਾ ਦਿੱਤਾ ਹੋਇਆ ਸੀ ਜਿੱਥੇ ਉਹ ਆਪਣੇ ਬੱਚਿਆਂ ਨਾਲ ਰਹਿੰਦੇ ਸਨ ਅਤੇ ਗੁਰੂ ਘਰ ਆਈਆਂ ਸੰਗਤਾਂ ਦੀ ਸੇਵਾ ਕਰਦੇ ਸਨ। ਉਸ ਸਮੇਂ ਸੰਤਾਂ ਨਾਲ ਰਹਿਣ ਵਾਲੇ ਸਾਰੇ ਨੌਜਵਾਨ 20 ਤੋਂ 35 ਸਾਲ ਦੀ ਉਮਰ ਦੇ ਹੁੰਦੇ ਸਨ। ਸਭ ਨੇ ਚੋਲੇ ਪਾਏ ਹੋਣੇ, ਦੁਮਾਲੇ ਸਜਾਏ ਹੋਣੇ। ਸਾਰੇ ਇੱਕੋ ਜਿਹੇ ਲੱਗਣੇ, ਰੱਤੀ ਭਰ ਨਾ ਕਿਸੇ ਵਿੱਚ ਫਰਕ ਲੱਗਣਾ। ਸਾਰੇ ਗੁਰਸਿੱਖ ਇੰਨੇ ਸੋਹਣੇ ਲੱਗਣੇ ਜਿਵੇਂ ਗੁਰੂ ਦੇ ਲਾਡਲੇ ਹੋਣ। ਸਭ ਨੇ ਇਕੱਠੇ ਲੰਗਰ ਛੱਕਣਾ, ਇਕੱਠੇ ਪਾਠ ਬਾਣੀ ਪੜਣੀ। ਉਹ ਰੰਗ ਦੁਬਾਰਾ ਕਦੇ ਦੇਖਣ ਨੂੰ ਨਹੀਂ ਮਿਲਿਆ ਜੋ ਸੰਤਾਂ ਨਾਲ ਰਹਿ ਕੇ ਦੇਖ ਲਿਆ। ਸੰਤ ਹਮੇਸ਼ਾਂ ਸਾਨੂੰ








ਬੀਬੀਆਂ ਨੂੰ ਬਹੁਤ ਸਤਿਕਾਰ ਦਿੰਦੇ ਸਨ। ਉਨਾਂ ਹਮੇਸ਼ਾਂ ਕਹਿਣਾ ਪੁਲਿਸ ਜੇਕਰ ਘਰਾਂ ਵਿੱਚ ਆਵੇ ਤਾਂ ਕਦੇ ਘਬਰਾਉਣਾ ਨਹੀਂ ਹੈ, ਦਲੇਰੀ ਨਾਲ ਜਵਾਬ ਦਿਆ ਕਰੋ, ਤੁਸੀਂ ਦਲੇਰ ਸਿੰਘਾਂ ਦੀਆਂ ਸਿੰਘਣੀਆਂ ਹੋ। ਪਤਾ ਨਹੀਂ ਜਾਲਿਮ ਸਰਕਾਰ ਨੇ ਇੰਨਾਂ ਕਹਿਰ ਕਿਉਂ ਢਾਹ ਦਿੱਤਾ ਸਾਡੀ ਕੌਮ ਉੱਤੇ। ਸਾਡੇ ਸਿਰ ਕੱਢ ਯੋਧੇ ਸ਼ਹੀਦ ਕਰ ਦਿੱਤੇ। ਸਾਰੇ ਸ਼ਹੀਦ ਹੋ ਜਾਂਦੇ ਪਰ ਸਾਡੇ ਸੰਤ ਨਾ ਸ਼ਹੀਦ ਹੁੰਦੇ। ਜੇਕਰ ਅੱਜ ਸਾਡੇ ਸੰਤ ਹੁੰਦੇ ਤਾਂ ਸਾਨੂੰ ਸਭ ਪਰਿਵਾਰਾਂ ਨੂੰ ਉਨਾਂ ਨੇ ਸੰਭਾਲ ਲੈਣਾ ਸੀ। ਪਰ ਇਸ ਜਾਲਿਮ ਸਰਕਾਰ ਨੇ ਸਾਥੋਂ ਸਾਡੇ ਸੰਤ ਵੀ ਖੋਹ ਲਏ। ਮੈਂ ਆਪਣੇ ਸਿੰਘ ਨੂੰ ਇੱਥੇ ਹੀ ਛੱਡ ਕੇ ਗਈ ਸੀ। ਇਸ ਲਈ ਹਮੇਸ਼ਾਂ ਇੱਥੇ ਆ ਕੇ ਇੰਜ ਮਹਿਸੂਸ ਹੁੰਦਾ ਹੈ ਕਿ ਉਹ ਅੱਜ ਵੀ ਇੱਥੇ ਹੀ ਹਨ। ਮੈਂ ਜਦੋਂ ਵੀ ਦਰਬਾਰ ਸਾਹਿਬ ਦੀ ਪਰਕਿਰਮਾ ਵਿੱਚੋਂ ਲੰਘਦੀ ਹਾਂ ਤਾਂ ਮੈਨੂੰ 1984 ਦੇ ਸਮੇਂ ਦੀ ਪਰਿਕਰਮਾ ਵਿੱਚ ਤੁਰਦੇ ਫਿਰਦੇ ਸ਼ਹੀਦ ਸਿੰਘ ਦਿੱਸਦੇ ਹਨ। ਮੇਰੇ ਸਿੰਘ ਨੇ ਮੈਨੂੰ ਹਮੇਸ਼ਾਂ ਕਹਿਣਾ ਕਿ ਅਸੀਂ ਗੁਰਧਾਮਾਂ ਦੀ ਸੇਵਾ ਸੰਭਾਲ ਲਈ ਹੀ ਸ਼ਹੀਦੀ ਪਾਉਣੀ ਹੈ। ਮੇਰੇ ਤੋਂ ਪਿੱਛੋਂ ਕਿਰਤ ਕਰਣੀ ਤੇ ਬੱਚਿਆ ਨੂੰ ਜਿੰਨਾਂ ਹੋ ਸਕੇ ਪੜਾਉਣਾ। ਗੁਰੂ ਘਰ ਨਾਲ ਜੋੜੀ ਰੱਖਣਾ ਅਤੇ ਸਿੱਖੀ ਦੀ ਦਾਤ ਆਪਣੇ ਘਰ ਚੋ ਜਾਣ ਨਹੀਂ ਦੇਣੀ। ਮੈਂ ਅੱਜ ਤੱਕ ਉਂਨਾਂ ਦੇ ਬੋਲ ਪੁਗਾ ਰਹੀ ਹਾਂ। ਮੈਂ ਉਨਾਂ ਦੀ ਸ਼ਹਾਦਤਾਂ ਤੋਂ ਬਾਅਦ ਕਦੇ ਵੀ ਕਿਸੇ ਅੱਗੇ ਹੱਥ ਨਹੀਂ ਅੱਡੇ। ਆਪਣੀ ਕਿਰਤ ਕੀਤੀ ਅਤੇ ਆਪਣੀ ਮਿਹਨਤ ਨਾਲ ਸਾਰੇ ਬੱਚਿਆਂ ਨੂੰ ਪੜਾ-ਲਿਖਾ ਕੇ ਉਨਾਂ ਨੂੰ ਕਾਬਿਲ ਬਣਾਇਆ। ਆਪਣੀਆਂ ਧੀਆਂ ਦੇ ਹੈਸਿਯਤ ਮੁਤਾਬਿਕ ਵਿਆਹ ਕੀਤੇ। ਪਰ ਕਦੇ ਕਿਸੇ ਕੋਲੋ ਮਦਦ ਨਹੀਂ ਮੰਗੀ। ਬਹੁਤ ਗਰੀਬੀ ਕੱਟੀ ਅਸੀਂ, ਕਦੇ ਕਿਸੇ ਵੀ ਜੱਥੇਬੰਦੀ ਨੇ ਸਾਰ ਨਹੀਂ ਲਈ ਸਾਡੀ ਅਤੇ ਨਾ ਹੀ ਮੈਂ ਕਦੇ ਕਿਸੇ ਅੱਗੇ ਕੋਈ ਫ਼ਰਿਆਦ ਕੀਤੀ। ਸ਼੍ਰੋਮਣੀ ਗੁਰਦੁਆਰਾ ਪੰਬੰਧਕ ਕਮੇਟੀ ਵਿੱਚ ਨੌਕਰੀ ਮਿਲ ਗਈ ਸੀ ਬੱਸ ਉਸ ਨਾਲ ਹੀ ਬੱਚਿਆਂ ਅਤੇ ਘਰ ਦੀ ਸੰਭਾਲ ਕੀਤੀ। ਪ੍ਰਬੰਧਕ ਕਮੇਟੀ ਦੇ ਕਈ ਆਗੂਆਂ ਨੇ ਮੈਨੂੰ ਕਮੇਟੀ ਦੇ ਪ੍ਰਧਾਨਾਂ ਘਰ ਕੰਮ ਕਰਣ ਲਈ ਕਿਹਾ ਪਰ ਮੈਂ ਸਾਫ ਇਨਕਾਰ ਕਰ ਦਿੱਤਾ। ਮੈਂ ਕਿਹਾ ਮੈਂ ਗੁਰੂ ਕਰ ਦੀ ਹੀ ਸੇਵਾ ਸਾਰੀ ਉਮਰ ਕਰਾਂਗੀ ਕਿਸੇ ਵੀ ਆਗੂ ਦੀ ਚਾਕਰੀ ਮੇਰੇ ਕੋਲੋ ਨਹੀਂ ਹੋਣੀ। ਆਪਣੇ ਸਿੱਦਕ ਅਤੇ ਦ੍ਰਿੜ ਇਰਾਦੇ ਨਾਲ ਕੰਮ ਕਰਦੇ ਹੋਏ ਹੁਣ ਮੈਂ ਰਿਟਾਇਰ ਹੋ ਚੁੱਕੀ ਹਾਂ। ਮੇਰੇ ਪੁੱਛਣ ਤੇ ਉਨਾਂ ਦੱਸਿਆ ਕਿ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਉਨਾਂ ਨੂੰ ਕਿਸੇ ਤਰਾਂ ਦੀ ਕੋਈ ਪੈਨਸ਼ਨ ਨਹੀਂ ਮਿਲਦੀ। ਸਰਕਾਰ ਵੱਲੋਂ ਬੁਢਾਪਾ 1500 ਪੈਨਸ਼ਨ ਰੁਪਏ ਮਿਲਦੇ ਹਨ। ਬਾਕੀ ਤਿੰਨੋਂ ਧੀਆਂ ਮੈਂ ਔਖੇ ਸੌਖੇ ਵਿਆਹ ਦਿੱਤੀਆਂ ਹਨ ਦੋ ਪੁੱਤ ਹਨ ਉਹ ਆਪਣੀ ਕਿਰਤ ਕਮਾਈ ਕਰ ਰਹੇ ਹਨ। ਭਾਈ ਕੁਲਜੀਤ ਸਿੰਘ ਵੱਲੋਂ ਦੱਸਦੇ ਹੋਏ ਕਹਿੰਦੇ ਹਨ ਕਿ ਅਸੀਂ ਸਾਰਾ ਪਰਿਵਾਰ ਤਾਂ ਚੁੱਪਚਾਪ ਗੁਮਨਾਮੀ ਦਾ ਜੀਵਨ ਬਤੀਤ ਕਰ ਰਹੇ ਸੀ ਪਰ ਮੇਰੇ ਛੋਟੇ ਪੁੱਤ ਭਾਈ ਕੁਲਜੀਤ ਸਿੰਘ ਨੂੰ ਆਪਣੇ ਪਿਤਾ ਬਾਰੇ ਸਭ ਨੂੰ ਦੱਸਣਾ ਬਹੁਤ ਚੰਗਾ ਲੱਗਦਾ ਹੈ। ਉਹ ਚਾਹੁੰਦਾ ਹੈ ਕਿ ਉਨਾਂ ਦੇ ਬੱਚਿਆਂ ਨੂੰ ਵੀ ਪਤਾ ਲੱਗੇ ਕਿ ਉਨਾਂ ਦੇ ਦਾਦੇ ਨੇ ਪੰਥ ਦੀ ਸੇਵਾ ਕਰਦੇ ਹੋਏ ਸ਼ਹਾਦਤ ਦਾ ਜਾਮ ਪੀਤਾ ਹੈ। ਆਪਣੇ ਪਿਤਾ ਅਤੇ ਸੰਤਾਂ ਦੀ ਗੱਲਾਂ ਉਹ ਆਪਣੇ ਬੱਚਿਆਂ ਨੂੰ ਦੱਸਦਾ ਰਹਿੰਦਾ ਹੈ। ਬੀਬੀ ਜੀ ਨੇ ਦੱਸਿਆ ਕਿ ਉੱਨਾਂ ਦੇ ਵੱਡੇ ਪੋਤਰੇ ਦਾ ਕੱਦ ਕਾਠ ਅਤੇ ਮੁਹਾਂਦਰਾ ਉਸਦੇ ਦਾਦੇ ਵਰਗਾ ਹੈ। ਅਸੀਂ ਉਸਨੂੰ ਤਬਲੇ ਦੀ ਸਿੱਖਿਆ ਦਵਾ ਰਹੇ ਹਾਂ ਅਤੇ ਚਾਹੁੰਦੇ ਹਾਂ ਕਿ ਉਹ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵਿੱਚ ਨੌਕਰੀ ਕਰਕੇ ਗੁਰੂ ਘਰ ਦੀ ਸੇਵਾ ਕਰੇ। ਬੀਬੀ ਜੀ ਕਹਿੰਦੇ ਕੀ ਉਨਾਂ ਦੀਆਂ ਵੱਡੀਆਂ ਦੋ ਧੀਆਂ ਨੂੰ ਉਨਾਂ ਦੇ ਪਿਤਾ ਦੀ ਅਤੇ ਸੰਤਾਂ ਦੀ ਪੂਰੀ ਯਾਦ ਹੈ। ਉਹ ਆਪਣੇ ਛੋਟੇ ਭਰਾਂਵਾਂ ਅਤੇ ਆਪਣੇ ਬੱਚਿਆਂ ਨੂੰ ਸਭ ਗੱਲਾਂ ਦੱਸਦੀਆਂ ਹੁੰਦੀਆਂ ਹਨ। ਬੇਸ਼ੱਕ ਸਾਡਾ ਪਰਿਵਾਰ ਕੌਮ ਵੱਲੋਂ ਅਣਗੋਲਿਆ ਗਿਆ ਹੈ ਪਰ ਅਸੀਂ ਆਪਣੇ ਪਰਿਵਾਰ ਵਿੱਚ ਸ਼ਹੀਦਾਂ ਦੀ ਮਾਣਮੱਤੀ ਯਾਦ ਨੂੰ ਸੰਭਾਲ ਕੇ ਬੈਠੇ ਹਾਂ। ਬੀਬੀ ਜੀ ਕਹਿੰਦੇ ਮੇਰੀ ਪਹਿਲੀ ਤਨਖਾਹ ਮਾਤਰ 100 ਰੁਪਏ ਸੀ ਫਿਰ ਕਾਫ਼ੀ ਸਮੇਂ ਬਾਦ 700 ਰੁਪਏ ਹੋਈ ਅਤੇ ਜਦੋਂ ਮੈਂ ਤਿੰਨ ਸਾਲ ਪਹਿਲਾਂ ਰਿਟਾਇਰ ਹੋਈ ਉਸ ਸਮੇਂ ਮੇਰੀ ਤਨਖਾਹ 18000 ਰੁਪਏ ਸੀ। ਮੈਂ ਸਾਰੀ ਜ਼ਿੰਦਗੀ ਬਹੁਤ ਸਾਦਗੀ ਨਾਲ ਅਤੇ ਸਿੱਦਕ ਨਾਲ ਬਿਤਾਈ ਹੈ। ਬੀਬੀ ਜੀ ਨੇ ਦੱਸਿਆ ਕਿ ਮੇਰੇ ਸਿੰਘ ਨੇ ਮੈਨੂੰ 3 ਜੂਨ ਨੂੰ ਬੱਚੇ ਲੈ ਕੇ ਘਰ ਜਾਣ ਨੂੰ ਕਹਿ ਦਿੱਤਾ ਸੀ। ਉਹ ਮੇਰੀ ਆਖ਼ਰੀ ਮੁਲਾਕਾਤ ਸੀ ਉਨਾਂ ਨਾਲ। ਦੁਬਾਰਾ ਕਦੇ ਮੇਲ ਨਹੀਂ ਹੋਇਆ। ਸਾਨੂੰ ਤਾਂ ਉਨਾਂ ਦੀ ਮ੍ਰਿਤਕ ਦੇਹ ਦੇ ਦਰਸ਼ਨ ਕਰਨੇ ਵੀ ਨਸੀਬ ਨਾ ਹੋਏ। ਇਹ ਸੁਣਿਆ ਸੀ ਕਿ ਸਰਕਾਰ ਨੇ ਸਭ ਸਿੰਘਾਂ ਦੀਆਂ ਮ੍ਰਿਤਕ ਦੇਹਾਂ ਨੂੰ ਟਰੱਕ ਵਿੱਚ ਭਰ ਕੇ ਕਿਸੇ ਅਗਿਆਤ ਜਗਾ ਉੱਤੇ ਲੈ ਗਏ। ਸ਼ਾਇਦ ਸਭ ਦਾ ਇਕੱਠੇ ਸੰਸਕਾਰ ਕਰ ਦਿੱਤਾ ਹੋਵੇ। ਕੁਝ ਸੁਨਿਸ਼ਚਤ ਪਤਾ ਨਹੀਂ ਕੀ ਵਾਪਰਿਆ ਉਨਾਂ ਨਾਲ। 7 ਜੂਨ ਨੂੰ ਰੇਡਿਓ ਉੱਤੇ ਖਬਰਾਂ ਤੋਂ ਪਤਾ ਲੱਗਾ ਕਿ ਸੰਤ ਸ਼ਹੀਦ ਹੋ ਗਏ ਹਨ। ਕਿਸੇ ਘਰ ਚੁੱਲ੍ਹਾ ਨਾ ਬਲਿਆ। ਹਰ ਪਾਸੇ ਸੋਗ ਫੈਲ ਗਿਆ ਸੀ। ਕੁਝ ਵੀ ਚੰਗਾ ਨਹੀਂ ਸੀ ਲੱਗਦਾ। ਹਰ ਪਾਸੇ ਕਰਫਿਓ ਲੱਗਾ ਹੋਇਆ ਸੀ ਕਿੱਧਰੇ ਜਾਂ ਵੀ ਨਹੀਂ ਸੀ ਸਕਦੇ। ਸਾਰੀ ਆਵਾਜਾਈ ਠੱਪ ਹੋਈ ਪਈ ਸੀ। ਤਕਰੀਬਨ ਤਿੰਨ ਮਹੀਨੇ ਬਾਦ ਪਰਿਵਾਰ ਨੇ ਮੈਨੂੰ ਭੇਜਿਆ ਕਿ ਸਿੰਘ ਦਾ ਪਤਾ ਕਰਕੇ ਆ, ਸ਼੍ਰੀ ਦਰਬਾਰ ਸਾਹਿਬ ਵਿਖੇ ਜਦੋਂ ਮੈਂ ਪਹੁੰਚੀ ਤਾਂ ਸ਼੍ਰੀ ਅਕਾਲ ਤਖ਼ਤ ਸਾਹਿਬ ਦਾ ਮੰਜ਼ਰ ਵੇਖ ਦਿਲ ਚੋ ਹਾਅ ਨਿਕਲ ਗਈ ਸੀ। ਆਪਣਾ ਮਨ ਡਾਡਾ ਕਰਕੇ ਪ੍ਰਬੰਧਕਾਂ ਨਾਲ ਰਾਬਤਾ ਕਰਣ ਤੇ ਪਤਾ ਲੱਗਾ ਕਿ ਸੰਤਾਂ ਨਾਲ ਜਿੰਨੇ ਵੀ ਸਿੰਘ ਸੀ ਤਕਰੀਬਨ ਸ਼ਹੀਦ ਹੋ ਗਏ ਹਨ, ਕੁਝ ਗਿਣੇ ਚੁਣੇ ਜੇਲਾਂ ਵਿੱਚ ਕੈਦ ਹਨ। ਜਦ ਮੈਂ ਆਪਣੇ ਸਿੰਘ ਦਾ ਨਾਮ ਲਿਆ ਤਾਂ ਕਹਿੰਦੇ ਉਹ ਸ਼ਹੀਦ ਹੋ ਚੁੱਕੇ ਹਨ। ਉਨਾਂ ਨੂੰ ਕਈ ਪ੍ਰਬੰਧਕ ਜਾਣਦੇ ਸਨ। ਰਜਿਸਟਰ ਵਿੱਚ ਉਨਾਂ ਦਾ ਨਾਮ ਸ਼ਿਹਦਾਂ ਵਿੱਚ ਦਰਜ ਕਰਕੇ ਮੈਨੂੰ ਇੱਕ ਰਸੀਦ ਦੇ ਦਿੱਤੀ ਅਤੇ ਕਿਹਾ ਕਿ ਆਪ ਜੀ ਨੂੰ ਕੁਝ ਸਮੇਂ ਤੱਕ ਸੂਚਿਤ ਕਿੱਤਾ ਜਾਏਗਾ ਅਤੇ ਕਮੇਟੀ ਵੱਲੋਂ ਆਪ ਜੀ ਦੇ ਪਰਿਵਾਰ ਨੂੰ ਕੁਝ ਰਾਸ਼ੀ ਦਿੱਤੀ ਜਾਵੇਗੀ। ਜੋ ਕਿ ਦਿੱਤੀ ਵੀ ਗਈ ਸੀ। ਉਹ ਰਸੀਦ ਲਿਆ ਕੇ ਮੈਂ ਆਪਣੇ ਪਰਿਵਾਰ ਨੂੰ ਦੇ ਦਿੱਤੀ ਅਤੇ ਉਸ ਨਾਲ ਹੀ ਸਿੰਘ ਦੇ ਘਰ ਵਾਪਿਸ ਆਉਣ ਦੀ ਸਾਡੀ ਉਮੀਦ ਹਮੇਸ਼ਾਂ ਲਈ ਖਤਮ ਹੋ ਗਈ। ਪਰ ਸਰਕਾਰਾਂ ਅਤੇ ਪ੍ਰਸ਼ਾਸਨ ਦੀ ਸ਼ੱਕ ਦੀ ਸੂਈ ਉਨਾਂ ਨੂੰ ਬਾਰ-ਬਾਰ ਸਾਡੇ ਘਰ ਦੇ ਦਰਵਾਜ਼ੇ ਖੜਕਾਉਣ ਲਈ ਭੇਜ ਦਿੰਦੀ ਸੀ। ਕਾਫ਼ੀ ਸਮੇਂ ਤੱਕ ਪ੍ਰਸ਼ਾਸਨ ਨੂੰ ਇਹ ਹੀ ਸ਼ੱਕ ਰਿਹਾ ਕਿ ਸਿੰਘ ਜਿਉਂਦੇ ਹਨ ਅਤੇ ਕਿੱਧਰੇ ਰੂਪੋਸ਼ ਜੀਵਨ ਬਤੀਤ ਕਰ ਰਹੇ ਹਨ। ਬਾਰ-ਬਾਰ ਸਾਡੇ ਘਰ ਪੁਲਿਸ ਦਾ ਆਣਾ-ਜਾਣਾ ਲੱਗਿਆ ਰਹਿਣ। ਪੁੱਛ-ਗਿੱਛ ਹੁੰਦੀ ਰਹਿਣੀ। ਘਰ ਦੀ ਤਲਾਸ਼ੀ ਹੁੰਦੀ ਰਹਿਣੀ। ਸਿੰਘ ਦੀਆਂ ਤਸਵੀਰਾਂ ਤੱਕ ਪੁਲਿਸ ਸਾਡੇ ਘਰੋਂ ਲੈ ਗਈ। ਦੋ ਚਾਰ ਤਸਵੀਰਾਂ ਜੋ ਬੀਬੀ ਜੀ ਦੀ ਸਮਝਦਾਰੀ ਕਰਕੇ ਪੁਲਿਸ ਦੇ ਹੱਥ ਨਾ ਆ ਸਕੀਆਂ, ਜੋ ਅੱਜ ਸ਼ਹੀਦੀ ਗੈਲਰੀ ਵਿੱਚ ਸੁਸ਼ੋਬਿਤ ਹਨ ਅਤੇ ਸੰਗਤਾਂ ਸ਼ਹੀਦ ਮਹਿੰਦਰ ਸਿੰਘ ਗੱਜਣ ਸਿੰਘ ਜੀ ਦੇ ਦਰਸ਼ਨ ਕਰ ਪਾਉਂਦੇ ਹਨ। ਬੀਬੀ ਜੀ ਦੱਸਦੇ ਹਨ ਕਿ ਘਰ ਤਾਂ ਪੁਲਿਸ ਗਾਹੇ-ਬਗਾਹੇ ਚੱਕਰ ਮਾਰਦੇ ਹੀ ਰਹਿੰਦੇ ਸਨ ਪਰ ਜਿਸ ਗੁਰੂ ਘਰ ਮੈਂ ਨੌਕਰੀ ਕਰਦੀ ਸੀ ਉੱਥੇ ਵੀ ਬਾਰ-ਬਾਰ ਆ ਕੇ ਸਿੰਘ ਬਾਰੇ ਪੁੱਛ-ਗਿੱਛ ਕਰਨੀ। ਇੱਕ ਦਿਨ ਸਾਡੇ ਗੁਰੂ ਘਰ ਦੇ ਮੈਨੇਜਰ ਨੇ ਗੁੱਸੇ ਨਾਲ ਪੁਲਿਸ ਕਰਮਚਾਰੀਆਂ ਨੂੰ ਤਾੜਨਾ ਕੀਤੀ ਕਿ ਬੀਬੀ ਪਿਛਲੇ ਤਿੰਨ ਸਾਲ ਤੋਂ ਮਿਹਨਤ ਕਰਕੇ ਇੱਕਲੀ ਆਪਣੇ ਬੱਚੇ ਪਾਲ ਰਹੀ ਹੈ ਇਸਨੂੰ ਤੰਗ ਕਰਨਾ ਬੰਦ ਕਰੋ ਨਹੀਂ ਤਾਂ ਮੈਂ ਤੁਹਾਡੇ ਖਿਲਾਫ ਕਨੂੰਨੀ ਕਾਰਵਾਈ ਲਈ ਦਰਖ਼ਾਸਤ ਦੇਵਾਂਗਾ। ਫਿਰ ਉਸ ਤੋਂ ਬਾਦ ਸਾਡੀ ਜ਼ਿੰਦਗੀ ਵਿੱਚ ਥੋੜੀ ਸ਼ਾਂਤੀ ਹੋਈ। ਸਿੰਘ ਦੇ ਪਿਤਾ ਜੀ ਜੋ ਉਨਾਂ ਦੇ ਸ਼ਹੀਦ ਹੋਣ ਤੋਂ ਪਹਿਲਾਂ ਹੀ ਅਧਰੰਗ ਦੀ ਬਿਮਾਰੀ ਨਾਲ ਜੂਝ ਰਹੇ ਸੀ ਸਿੰਘ ਦੀ ਸ਼ਹਾਦਤ ਦਾ ਗਮ ਜ਼ਿਆਦਾ ਦੇਰ ਨਾ ਸਹਾਰ ਸਕੇ ਅਤੇ ਅਕਾਲ ਚਲਾਣਾ ਕਰ ਗਏ। ਕੁਝ ਚਿਰ ਮਗਰੋਂ ਉਨਾਂ ਦੇ ਮਾਤਾ ਜੀ ਵੀ ਆਪਣੇ ਸਵਾਸ ਪੂਰੇ ਕਰਕੇ ਇਸ ਫ਼ਾਨੀ ਦੁਨੀਆ ਨੂੰ ਅਲਵਿਦਾ ਕਹਿ ਗਏ। ਬੀਬੀ ਜੀ ਦੱਸਦੇ ਹਨ ਕਿ ਸਿੰਘ ਬਹੁਤ ਸੋਹਣੀ ਨੌਕਰੀ ਕਰਿਆ ਕਰਦੇ ਸਨ। ਸਾਡਾ ਸਾਰਾ ਪਰਿਵਾਰ ਬਹੁਤ ਹੀ ਪੜ੍ਹਿਆ ਲਿਖਿਆ ਅਤੇ ਖੁਸ਼ਹਾਲ ਸੀ। ਬੱਸ ਇੱਕ ਨਾਜਾਇਜ਼ ਪਰਚੇ ਨੇ ਸਿੰਘ ਦੇ ਜੀਵਨ ਦਾ ਰੁੱਖ ਉਹ ਬਦਲਿਆ ਕਿ ਕਾਫੀ ਸਮਾਂ ਸਿੰਘ ਨੂੰ ਘਰੋਂ ਬੇਘਰ ਹੋ ਕੇ ਰੂਪੋਸ਼ ਜੀਵਨ ਬਤੀਤ ਕਰਨਾ ਪਿਆ। ਜਿਸਦੇ ਚੱਲਦੇ ਪੁਲਿਸ ਨੇ ਸਾਨੂੰ ਸਾਰੇ ਪਰਿਵਾਰ ਦੇ ਜੀਆਂ ਨੂੰ ਨਾਜਾਇਜ਼ ਹਿਰਾਸਤ ਵਿੱਚ ਵੀ ਕਈ ਵਾਰ ਰੱਖਿਆ ਅਤੇ ਤਸ਼ੱਦਦ ਵੀ ਕੀਤਾ। ਅਖੀਰ ਮੈਂ ਸੰਤਾਂ ਅੱਗੇ ਜਾ ਕੇ ਅਰਜੋਈ ਕੀਤੀ ਕਿ ਸਾਨੂੰ ਪੁਲਿਸ ਬਹੁਤ ਤੰਗ ਪ੍ਰੇਸ਼ਾਨ ਕਰਦੀ ਹੈ ਤਾਂ ਸੰਤਾਂ ਦੇ ਬਚਨ ਸਨ ਕਿ ਸੰਗਤ ਜੀ ਆਪ ਸੁਣ ਲੋ ਇਸ ਬੀਬੀ ਨਾਲ ਅਤੇ ਇਸਦੇ ਪਰਿਵਾਦ ਦੇ ਜੀਆਂ ਨਾਲ ਪ੍ਰਸ਼ਾਸਨ ਵੱਲੋਂ ਕਿੰਨਾਂ ਤਸ਼ੱਦਦ ਕੀਤਾ ਜਾ ਰਿਹਾ ਹੈ। ਉਨਾਂ ਕਿਹਾ ਬੀਬੀ ਜੀ ਤੁਸੀਂ ਘਰ ਜਾਓ ਹੁਣ ਅਸੀਂ ਆਪ ਸਿੰਘ ਦੀ ਪੈਰਵਾਈ ਕਰਾਂਗੇ। ਫਿਰ ਸੰਤਾਂ ਨੇ ਸਿੰਘ ਨੂੰ ਪੱਕਾ ਆਪਣੇ ਨਾਲ ਹੀ ਰੱਖ ਲਿਆ ਅਤੇ ਉਸਨੂੰ ਗੱਜਣ ਸਿੰਘ ਕਹਿ ਕੇ ਪੁਕਾਰਣ ਲੱਗ ਪਏ। ਕੁਝ ਚਿਰ ਬਾਦ ਮੈਨੂੰ ਅਤੇ ਬੱਚਿਆਂ ਨੂੰ ਵੀ ਸਿੰਘ ਕੋਲ ਹੀ ਬੁਲਾ ਲਿਆ ਗਿਆ। ਨਾਨਕ ਨਿਵਾਸ ਵਿੱਚ ਸਾਨੂੰ ਇੱਕ ਕਮਰਾ ਅਲਾਟ ਹੋ ਗਿਆ। ਜਿਸ ਕਰਕੇ ਅਸੀਂ ਕੁਝ ਸਮਾਂ ਸਾਰਾ ਪਰਿਵਾਰ ਇਕੱਠੇ ਰਹਿ ਸਕੇ। ਬੱਚਿਆਂ ਨੂੰ ਆਪਣੇ ਪਿਓ ਦਾ ਪਿਆਰ ਅਤੇ ਦੁਲਾਰ ਮਿਲ ਸਕਿਆ। 3 ਜੂਨ ਤੋਂ ਬਾਦ ਤਾਂ ਬੱਚਿਆਂ ਕੋਲ ਆਪਣੇ ਪਿਓ ਦੀ ਸਿਰਫ ਤਸਵੀਰ ਹੀ ਹੈ। ਬੀਬੀ ਜੀ ਨੇ ਦੱਸਿਆ ਕਿ ਸਿੰਘ ਜਦੋਂ ਜੇਲ ਵਿੱਚ ਸਨ ਉਨਾਂ ਨੇ ਪਰਿਵਾਰ ਨੂੰ ਕੁਝ ਚਿੱਠੀਆਂ ਲਿਖੀਆਂ ਸਨ ਜਿਸ ਵਿੱਚ ਉਨਾਂ ਨੇ ਸ਼ਹਾਦਤਾਂ ਅਤੇ ਸਰਕਾਰੀ ਹਮਲਿਆਂ ਦਾ ਅੰਦੇਸ਼ਾ ਵੀ ਜਤਾਇਆ ਸੀ। ਉਹ ਹੱਥ ਲਿਖਤ ਚਿੱਠੀਆਂ ਬੀਬੀ ਜੀ ਕੋਲ ਅੱਜ ਵੀ ਹਨ।

ਬੀਬੀ ਜੀ ਦੇ ਜ਼ੁਬਾਨੀ ਉਨਾਂ ਦੇ ਸੰਘਰਸ਼ਮਈ ਜੀਵਨ ਦੀ ਗਾਥਾ ਸੁਣ ਕੇ ਮੈਨੂੰ ਸਮਝ ਲੱਗਾ ਕਿ ਭਾਈ ਲਵਸ਼ਿੰਦਰ ਸਿੰਘ ਡੱਲੇਵਾਲ ਜੀ ਨੇ ਆਪਣੀ ਕਿਤਾਬ ਸਿੱਦਕੀ ਤੇ ਸੰਘਰਸ਼ੀ ਵਿੱਚ ਇੰਨਾਂ ਸਿੱਦਕੀ ਬੀਬੀਆਂ ਦੀਆਂ ਗਾਥਾਵਾਂ ਕਿਉਂ ਬਿਆਨ ਕੀਤੀਆਂ ਹਨ। ਮੈਂ ਸਤਿਕਾਰ ਸਹਿਤ ਬੀਬੀ ਜੀ ਨੂੰ ਜਦੋਂ ਕਿਤਾਬ ਭੇਂਟ ਕੀਤੀ ਤਾਂ ਬੜੇ ਹੀ ਚਾਅ ਨਾਲ ਕਿਤਾਬ ਫੜ ਕੇ ਕਿਤਾਬ ਦੇ ਕਵਰ ਨੂੰ ਨਿਹਾਰਿਆ ਫਿਰ ਜੋੜ ਲਾ-ਲਾ ਕੇ ਕਿਤਾਬ ਦਾ ਸਿਰਲੇਖ ਪੜ੍ਹਿਆ। ਬੀਬੀ ਜੀ ਕਹਿੰਦੇ ਮੈਂ ਕੋਰੀ ਅੜਪੜ ਸਾਂ ਪਰ ਮੇਰੀਆਂ ਧੀਆਂ ਨੇ ਜਦੋਂ ਸਕੂਲ ਤੋਂ ਆਉਣਾ ਤਾਂ ਮੈਨੂੰ ਵੀ ਨਾਲ ਪੜਾਉਣਾ। ਹੁਣ ਮੈਂ ਪੰਜਾਬੀ ਬਹੁਤ ਸੋਹਣੀ ਪੜ ਲੈਂਦੀ ਹਾਂ। ਮੈਂ ਧੀਏ ਸਾਰੀ ਕਿਤਾਬ ਹੌਲੀ-ਹੌਲੀ ਜ਼ਰੂਰ ਪੜਾਂਗੀ। ਮੈਂ ਬੀਬੀ ਜੀ ਨੂੰ ਸ਼੍ਰੋਮਣੀ ਅਕਾਲੀ ਦਲ ਅੰਮ੍ਰਿਤਸਰ ਦੀ ਮੈਗਜੀਨ ਵੀ ਸਤਿਕਾਰ ਵਜੋਂ ਭੇਂਟ ਕੀਤੀ ਤਾਂ ਬੀਬੀ ਜੀ ਕਹਿੰਦੇ ਮੈਂ ਸਿਮਰਨਜੀਤ ਸਿੰਘ ਮਾਨ ਨੂੰ ਚੰਗੀ ਤਰਾਂ ਜਾਣਦੀ ਹਾਂ ਜਦੋਂ ਮੈਂ ਤੇ ਮੇਰੇ ਸਿੰਘ ਨੇ ਅੰਮ੍ਰਿਤ ਛੱਕਿਆ ਸੀ ਤਾਂ ਉਸ ਸਮੇਂ ਫਤਹਿਗੜ ਸਾਹਿਬ ਵਿਖੇ ਸੰਤਾਂ ਨਾਲ ਇਹ ਵੀ ਉੱਥੇ ਮੌਜੂਦ ਸਨ। ਸ. ਸਿਮਰਨਜੀਤ ਸਿੰਘ ਮਾਨ ਦੇ ਸਿਆਸਤ ਵਿੱਚ ਆਉਣ ਤੋਂ ਬਾਦ ਵੀ ਦੋ ਚਾਰ ਮੈਂ ਮਿਲੀ ਸੀ ਪਰ ਫਿਰ ਆਪਣੇ ਘਰ ਦੀ ਕਬੀਲਦਾਰੀ ਵਿੱਚ ਹੀ ਉਲਝ ਕੇ ਰਹਿ ਗਈ। ਬੜੇ ਹੀ ਭਰੇ ਮਨ ਨਾਲ ਬੀਬੀ ਜੀ ਸਿੰਘ ਦੀ ਤਸਵੀਰ ਕੋਲੋਂ ਉੱਠੇ ਇੰਜ ਮਹਿਸੂਸ ਹੋ ਰਿਹਾ ਸੀ ਕਿ ਜਿਵੇਂ ਉਨਾਂ ਦਾ ਵਾਪਿਸ ਜਾਣ ਨੂੰ ਦਿਲ ਨਾ ਕਰ ਰਿਹਾ ਹੋਵੇ। ਪਰ ਉਨਾਂ ਨੇ ਕਿਸੇ ਹੋਰ ਨਾਲ ਵੀ ਮੁਲਾਕਾਤ ਕਰਨੀ ਸੀ। ਅਸੀਂ ਤੁਰਦੇ-ਤੁਰਦੇ ਸ਼੍ਰੀ ਅਕਾਲ ਤਖਤ ਸਾਹਿਬ ਦੇ ਮਾਡਲ ਕੋਲ ਜਦੋਂ ਪਹੁੰਚੇ ਤਾਂ ਬੀਬੀ ਜੀ ਦੇ ਪੈਰ ਜਿਵੇਂ ਉੱਥੇ ਸੁੰਨ ਹੀ ਹੋ ਗਏ। ਢੱਠੇ ਹੋਏ ਮਾਡਲ ਨੂੰ ਵੇਖ ਬੀਬੀ ਜੀ ਦੀਆਂ ਅੱਖਾਂ ਦਾ ਨੀਰ ਰੁੱਕ ਨਹੀਂ ਰਿਹਾ ਸੀ। ਭਰੇ ਹੋਏ ਗਲ ਨਾਲ ਕਹਿੰਦੇ ਜਾਲਮਾਂ ਨੇ ਕੀ ਹਾਲਤ ਕਰ ਦਿੱਤੀ ਸੀ ਸਾਡੇ ਤਖ਼ਤ ਦੀ। ਉੱਥੇ ਮੌਜੂਦ ਮੇਰੇ ਵਰਗੀ ਸੰਗਤ ਢੱਠੇ ਹੋਏ ਸ਼੍ਰੀ ਅਕਾਲ ਤਖਤ ਸਾਹਿਬ ਦੇ ਮਾਡਲ ਨੂੰ ਨਮਸਕਾਰ ਕਰ ਰਹੇ ਸਨ ਜਾਂ ਤਸਵੀਰਾਂ ਖਿਚਵਾ ਰਹੇ ਸਨ ਜਾਂ ਵਿਡਿਓ ਬਣਾ ਰਹੇ ਸਨ ਪਰ ਬੀਬੀ ਜੀ ਭੀੜ ਵਿੱਚ ਖੜੀ ਤਖਤ ਉੱਤੇ ਹੋਏ ਜ਼ੁਲਮ ਦੀ ਗਵਾਹੀ ਭਰ ਰਹੀ ਸੀ ਅਤੇ ਉਸ ਕਹਿਰ ਦੀ ਤਕਲੀਫ ਨੂੰ ਆਪਣੀਆਂ ਅੱਖਾਂ ਰਾਹੀਂ ਵਹਾ ਰਹੀ ਸੀ। ਮੇਰੀ ਬੇਟੀ ਬੀਬੀ ਜੀ ਨੂੰ ਬਾਰ-ਬਾਰ ਅੱਖਾਂ ਪੂੰਜਦੇ ਦੇਖ ਬਹੁਤ ਭਾਵੁਕ ਹੋ ਗਈ। ਅਸੀਂ ਕਈ ਵਾਰ ਪਹਿਲਾਂ ਵੀ ਸ਼ਹੀਦੀ ਗੈਲਰੀ ਦੇ ਦਰਸ਼ਨ ਕਰਣ ਜਾਂਦੇ ਹਾਂ ਪਰ ਮੇਰੀ ਬੇਟੀ ਤੇ ਮੈਂ ਜੋ ਤਕਲੀਫ਼ ਬੀਬੀ ਜੀ ਨਾਲ ਮਹਿਸੂਸ ਕੀਤੀ ਉਹ ਸਭ ਇਸ ਲੇਖ ਵਿੱਚ ਬਿਆਨ ਕਰ ਰਹੀ ਹਾਂ। ਅੱਜ ਦੀ ਪੀੜੀ ਲਈ ਇਹ ਸਭ ਕਿੱਸੇ ਕਹਾਣੀਆਂ ਹੋ ਸਕਦੇ ਹਨ ਪਰ ਜਿੰਨਾਂ ਪਰਿਵਾਰਾਂ ਨੇ ਇਹ ਸਭ ਅੱਖੀਂ ਵੇਖੀਆ ਤੇ ਹੱਡੀ ਹੰਡਾਇਆ ਹੈ ਉਨਾਂ ਨੂੰ ਮਿਲ ਕੇ ਹੀ ਸਮਝ ਲੱਗਦਾ ਹੈ ਕਿ ਇਹ ਕੋਈ ਕਿੱਸਾ ਜਾਂ ਕਹਾਣੀ ਨਹੀਂ ਹਕੀਕਤ ਹੈ। ਬੀਬੀ ਜੀ ਨੇ ਗੱਲਵਕੜੀ ਵਿੱਚ ਲੈ ਕੇ ਬੜੇ ਪਿਆਰ ਨਾਲ ਸਾਨੂੰ ਮਾਂ ਧੀ ਨੂੰ ਅਲਵਿਦਾ ਕਿਹਾ। ਅਸੀਂ ਸਾਰੇ ਰਾਹ ਬੀਬੀ ਜੀ ਬਾਰੇ ਗੱਲਾਂ ਕਰਦੇ ਆਏ। ਸ਼ਹੀਦ ਸਿੰਘਾਂ ਬਾਰੇ ਗੱਲਾਂ ਕਰਦੇ ਆਏ। ਸ਼੍ਰੀ ਅਕਾਲ ਤਖ਼ਤ ਸਾਹਿਬ 'ਤੇ ਹੋਏ ਅਟੈਕ ਬਾਰੇ ਮੈਂ ਆਪਣੀ ਸਮਝ ਮੁਤਾਬਿਕ ਬੇਟੀ ਨੂੰ ਦੱਸਦੀ ਆਈ। ਇਹ ਸਾਡਾ ਸਿੱਖ ਇਤਿਹਾਸ ਹੈ ਅਤੇ ਇਹ ਪਰਿਵਾਰ ਇਸ ਇਤਿਹਾਸ ਦੇ ਪਾਤਰ ਹਨ। ਭਾਈ ਲਵਸ਼ਿੰਦਰ ਸਿੰਘ ਡੱਲੇਵਾਲ ਦਾ ਇਹ ਕਿਤਾਬ ਸਿੱਦਕੀ ਤੇ ਸੰਘਰਸ਼ੀ ਲਿਖਣ ਦਾ ਮੰਤਵ ਮੈਨੂੰ ਸਮਝ ਆਇਆ ਕਿ ਜੋ ਲੋਕ ਇਹ ਸਮਝਦੇ ਹਨ ਜਾਂ ਦਰਸਾਉਂਦੇ ਹਨ ਕਿ ਖਾਲਿਸਤਾਨ ਦੀ ਅਜ਼ਾਦੀ ਦਾ ਸੰਘਰਸ਼ ਖਤਮ ਹੋ ਗਿਆ ਜਾਂ ਖਾਲਿਸਤਾਨ ਦੀ ਚਾਹ ਰੱਖਣ ਵਾਲੇ ਪਰਵਾਨੇ ਜਾਲਮਾਂ ਵੱਲੋਂ ਖ਼ਤਮ ਕਰ ਦਿੱਤੇ ਗਏ ਹਨ ਉਹ ਸਰਾਸਰ ਗਲਤ ਹੈ। ਇਹ ਸਿੱਦਕੀ ਬੀਬੀਆਂ ਅਤੇ ਜਲਾਵਤਨੀ ਯੋਧੇ ਖਾਲਿਸਤਾਨ ਦਾ ਸੰਘਰਸ਼ ਅੱਜ ਵੀ ਲੜ ਰਹੇ ਹਨ। ਸ਼ਹੀਦਾਂ ਦਾ ਪਹਿਰਾ ਖਾਲਿਸਤਾਨ ਦੀ ਪ੍ਰਾਪਤੀ ਵੱਲ ਹੌਲੀ-ਹੌਲੀ ਵੱਧ ਰਿਹਾ ਹੈ। ਧੰਨ ਨੇ ਇਹ ਸਿੱਦਕੀ ਬੀਬੀਆਂ ਅਤੇ ਧੰਨ ਹਨ ਸਾਡੇ ਜਲਾਵਤਨੀ ਯੋਧੇ ਜੋ ਜ਼ਿੰਦਗੀ ਵਿੱਚ ਸਭ ਕੁਝ ਗਵਾ ਕੇ ਵੀ ਚੜਦੀ ਕਲਾ ਨਾਲ ਸਿਰਫ ਸ਼ਹੀਦਾਂ ਦੀ ਸ਼ਹਾਦਤ ਨੂੰ ਸਿੱਜਦਾ ਕਰਕੇ ਖਾਲਿਸਤਾਨ ਦੀ ਹੋਂਦ ਲਈ ਵਚਨਬੱਧ ਹਨ। ਸੰਘਰਸ਼ ਹਥਿਆਰਬੰਦ ਹੋਵੇ ਜਾਂ ਸ਼ਾਂਤਮਈ ਸੰਪੂਰਨ ਜ਼ਰੂਰ ਹੁੰਦਾ ਹੈ ਹਾਂ ਸਮੇਂ ਮੁਤਾਬਿਕ ਰੂਪ ਰੇਖਾ ਬਦਲਣੀ ਸਮੇਂ ਦੀ ਮੰਗ ਹੁੰਦੀ ਹੈ। ਪਰ ਮੈਨੂੰ ਇੰਨਾਂ ਪਤਾ ਹੈ ਜਦੋਂ ਖਾਲਿਸਤਾਨ ਦੇਸ਼ ਦੁਨੀਆ ਦੇ ਨਕਸ਼ੇ ਤੇ ਉਲੀਕਿਆ ਗਿਆ ਤਾਂ ਸ਼ਹੀਦ ਸਿੰਘਾਂ ਦੇ ਪਹਿਰੇ ਵਿੱਚ ਦੁਨੀਆ ਦੀ ਸਭ ਤੋਂ ਵੱਡੀ ਤਾਕਤ ਬਣ ਕੇ ਉੱਭਰੇਗਾ ਅਤੇ ਰਹਿੰਦੀ ਦੁਨੀਆਂ ਤੱਕ ਇੰਨਾਂ ਸ਼ਹੀਦਾਂ ਅਤੇ ਇੰਨਾਂ ਪਰਿਵਾਰਾਂ ਦੀਆਂ ਕੁਰਬਾਨੀਆਂ ਮਿਸਾਲ ਬਨਣਗੀਆਂ।

**-ਰਸ਼ਪਿੰਦਰ ਕੌਰ ਗਿੱਲ,**
**ਸੰਪਾਦਕ- ਸਿੱਦਕੀ ਤੇ ਸੰਘਰਸ਼ੀ**, +91-9888697078

## ਸ਼੍ਰੀ ਗੁਰੂ ਰਾਮਦਾਸ ਸੀਨੀਅਰ ਸੈਕੰਡਰੀ ਸਕੂਲ ਵਿਖੇ

# 'ਤੀਆਂ ਦਾ ਤਿਉਹਾਰ' ਮਨਾਇਆ ਗਿਆ







**ਚੌਕ ਮਹਿਤਾ, 26 ਜੁਲਾਈ ( ਬਾਬਾ ਸੁਖਵੰਤ ਸਿੰਘ ਚੰਨਣਕੇ )**-ਪੰਜਾਬੀ ਸੱਭਿਆਚਾਰ ਨੂੰ ਪ੍ਰਫੁੱਲਿਤ ਕਰਨ ਦੇ ਉਦੇਸ਼ ਅਤੇ ਅਜੋਕੀ ਨੌਜਵਾਨ ਪੀੜ੍ਹੀ ਨੂੰ ਆਪਣੀਆਂ ਸੱਭਿਆਚਾਰ ਵੰਨਗੀਆਂ ਨਾਲ ਜੋੜਨ ਦੇ ਉਪਰਾਲੇ ਵਜੋਂ ਸ਼੍ਰੀ ਗੁਰੂ ਰਾਮਦਾਸ ਸੀਨੀਅਰ ਸੈਕੰਡਰੀ ਸਕੂਲ,ਨਾਥ ਦੀ ਖੂਹੀ ( ਚੰਨਣਕੇ) ਵਿਖੇ ਸਾਉਣ ਮਹੀਨੇ ਦਾ ਪ੍ਰਮੁੱਖ ਤਿਓਹਾਰ 'ਤੀਆਂ ਤੀਜ ਦੀਆਂ' ਮਨਾਇਆ ਗਿਆ। ਪ੍ਰੋਗਰਾਮ ਦੀ ਸ਼ੁਰੂਆਤ ਨਰਸਰੀ ਵਿੰਗ ਦੇ ਵਿਦਿਆਰਥੀਆਂ ਵਲੋਂ 'ਕਿਹੜੇ ਪਿੰਡ ਦੀ ਤੂੰ' ਗੀਤ ਤੇ ਡਾਂਸ ਪੇਸ਼ ਕਰਕੇ ਕੀਤੀ ਗਈ। ਪਹਿਲੀ ,ਦੂਸਰੀ ਅਤੇ ਤੀਸਰੀ ਜਮਾਤ ਦੀਆਂ ਵਿਦਿਆਰਥਣਾਂ ਮਨਕੀਰਤ ਕੌਰ ਅਤੇ ਸਾਥਣਾਂ ਵੱਲੋਂ 'ਗਿੱਧਾ ਤੇਰੇ ਲਈ' ਗੀਤ ਅਤੇ ਚੌਥੀ ,ਪੰਜਵੀਂ ਅਤੇ ਛੇਵੀਂ ਜਮਾਤ ਦੀਆਂ ਵਿਦਿਆਰਥਣਾਂ ਸੱਚਲੀਨ ਕੌਰ ਤੇ ਸਾਥਣਾਂ ਵੱਲੋਂ 'ਤੀਆਂ ਦੇ ਤਿਓਹਾਰ ਨਾਲ ਸੰਬੰਧਿਤ ਗਿੱਧਾ ਪੇਸ਼ ਕੀਤਾ ਗਿਆ। ਅੱਠਵੀਂ ਜਮਾਤ ਦੀਆਂ ਵਿਦਿਆਰਥਣਾਂ ਰਿਪਨਪ੍ਰੀਤ ਕੌਰ ਅਤੇ ਸਾਥਣਾਂ ਵਲੋਂ ' ਗੇੜਾ ਗਿੱਧੇ ਵਿੱਚ' ਅਤੇ ਦਸਵੀਂ, ਗਿਆਰਵੀਂ , ਬਾਰਵੀਂ ਜਮਾਤ ਦੀਆਂ ਵਿਦਿਆਰਥਣਾਂ ਸੁਖਮਨਪ੍ਰੀਤ ਕੌਰ , ਜਸਪ੍ਰੀਤ ਕੌਰ ,ਗੁਰਮੰਨਤ ਕੌਰ, ਸਿਮਰਨ ਕੌਰ, ਹਰਪ੍ਰੀਤ ਕੌਰ, ਸੰਦੀਪ ਕੌਰ, ਸ਼ੁੱਭਦੀਪ ਕੌਰ ਅਤੇ ਖੁਸ਼ੀ ਵਲੋਂ ਗਰੁੱਪ ਡਾਂਸ ਪੇਸ਼ ਕੀਤਾ ਗਿਆ। ਨੌਵੀਂ ਜਮਾਤ ਦੀ ਵਿਦਿਆਰਥਣ ਨਵਜੋਤ ਕੌਰ ਵੱਲੋਂ ਤੀਆਂ ਦੇ ਸੱਭਿਆਚਾਰ ਬਾਰੇ ਚਾਨਣਾ ਪਾਇਆ ਗਿਆ। ਨਿਮਰਤ ਕੌਰ, ਮਨਸੀਰਤ ਕੌਰ, ਦਵਿੰਦਰ ਕੌਰ ਅਤੇ ਸੀਰਤ ਕੌਰ ਵਲੋਂ ਲੋਕ - ਗੀਤ ਪੇਸ਼ ਕੀਤੇ ਗਏ। ਇਸ ਦੇ ਨਾਲ ਹੀ ਮਹਿੰਦੀ ਮੁਕਾਬਲੇ ਵੀ ਕਰਵਾਏ ਗਏ ਜਿਸ ਵਿੱਚ ਵਿਦਿਆਰਥਣਾਂ ਵੱਲੋਂ ਵੱਧ ਚੜ੍ਹ ਕੇ ਹਿੱਸਾ ਲਿਆ ਗਿਆ। ਸਟੇਜ ਸੰਚਾਲਨ ਦੀ ਜ਼ਿੰਮੇਵਾਰੀ ਬਾਰ੍ਹਵੀਂ ਜਮਾਤ ਦੀਆਂ ਵਿਦਿਆਰਥਣਾਂ ਕਵਲਜੀਤ ਕੌਰ ਅਤੇ ਸਿਮਰਨਪ੍ਰੀਤ ਕੌਰ ਨੇ ਬਾਖੂਬੀ ਨਿਭਾਈ। ਇਸ ਮੌਕੇ ਪ੍ਰਿੰਸੀਪਲ ਸ੍ਰੀਮਤੀ ਗੁਰਦੀਪ ਕੌਰ ਤੇ ਸਮੂਹ ਸਟਾਫ਼ ਮੈਂਬਰ ਹਾਜ਼ਰ ਸਨ ।ਸਕੂਲ ਪ੍ਰਿੰਸੀਪਲ ਮੈਡਮ ਗੁਰਦੀਪ ਕੌਰ ਨੇ ਸਾਰੇ ਹੀ ਵਿਦਿਆਰਥੀਆਂ ਨੂੰ ਆਪਣੇ ਪੰਜਾਬੀ ਸੱਭਿਆਚਾਰ ਨਾਲ ਜੁੜੇ ਰਹਿਣ ਲਈ ਪ੍ਰੇਰਿਤ ਕੀਤਾ।

ਆਵਾਜ਼ਿ ਕੌਮ AWAZE QAUM International Newspaper & WEB TV

## ਗੌਰਮਿੰਟ ਪੈਨਸ਼ਨਰਜ਼ ਵੈਲਫੇਅਰ ਐਸੋਸੀਏਸ਼ਨ ਧੂਰੀ ਦੇ ਪੈਨਸ਼ਨਰਜ਼

# 29 ਜੁਲਾਈ ਨੂੰ ਸੰਗਰੂਰ ਰੈਲੀ ਵਿੱਚ ਵੱਡੀ ਗਿਣਤੀ ਨਾਲ ਸ਼ਾਮਲ ਹੋਣਗੇ



**ਧੂਰੀ( ਰਣਜੀਤ ਸਿੰਘ ਪੇਧਨੀ )**-ਗੌਰਮਿੰਟ ਪੈਨਸ਼ਨਰਜ਼ ਵੈਲਫੇਅਰ ਐਸੋਸੀਏਸ਼ਨ ਰਜਿ: ਧੂਰੀ ਦੀ ਅਹਿਮ ਮੀਟਿੰਗ ਪ੍ਰਧਾਨ ਜੈ ਦੇਵ ਸ਼ਰਮਾ ਦੀ ਪ੍ਰਧਾਨਗੀ ਹੇਠ ਪੈਨਸ਼ਨ ਦਫ਼ਤਰ ਵਿੱਚ ਹੋਈ ਜਿਸ ਵਿੱਚ ਸਰਕਾਰ ਦੇ ਅੜੀਅਲ ਵਤੀਰੇ ਵਿਰੁੱਧ 29 ਜੁਲਾਈ ਨੂੰ ਸੰਗਰੂਰ ਦਾਣਾ ਮੰਡੀ ਵਿਖੇ ਹੋਣ ਵਾਲੀ ਵਿਸ਼ਾਲ ਰੈਲੀ ਵਿੱਚ ਜਾਣ ਲਈ ਹਾਜ਼ਰ ਪੈਨਸ਼ਨਰਜ਼ ਵੱਲੋ ਪੂਰਾ ਪੂਰਾ ਵਿਸ਼ਵਾਸ ਦਵਾਇਆ ਗਿਆ। । ਪ੍ਰਧਾਨ ਜੈ ਦੇਵ ਸ਼ਰਮਾ, ਜਸਵਿੰਦਰ ਸਿੰਘ ਹਰੀਕਾ, ਕੁਲਵੰਤ ਸਿੰਘ ਵਰਨ, ਹਰਦੇਵ ਸਿੰਘ ਜਵੰਦਾ, ਜੰਗ ਸਿੰਘ ਬਾਦਸ਼ਾਹਪੁਰ,ਬੁੱਧ ਸਿੰਘ, ਹਰਿੰਦਰ ਸਿੰਘ ਪਲਾਸੌਰ, ਜਗਤਾਰ ਸਿੰਘ ਹਸਨਪੁਰ ਆਦਿ ਨੇ ਪੰਜਾਬ ਸਰਕਾਰ ਦੀਆਂ ਮੁਲਾਜ਼ਮ ਵਿਰੋਧੀ ਨੀਤੀਆਂ ਦੀ ਨਿਖੇਧੀ ਕਰਦਿਆਂ ਕਿਹਾ ਕਿ ਸਰਕਾਰ ਵੱਲੋਂ ਬਹੁਤ ਸਾਰੇ ਪੈਨਸ਼ਨਰਜ਼ ਅਤੇ ਫੈਮਲੀ ਪੈਨਸ਼ਨਰਜ਼ ਨੂੰ 6 ਵੇ ਪੇ ਕਮਿਸ਼ਨ ਦੇ ਬਕਾਏ ਨਹੀਂ ਦਿਤੇ ਜਾ ਰਹੇ। ਇਸ ਤੋਂ ਇਲਾਵਾ ਸਰਕਾਰ ਮਾਣਯੋਗ ਪੰਜਾਬ ਅਤੇ ਹਰਿਆਣਾ ਹਾਈਕੋਰਟ ਵਲੋਂ ਮੁਲਾਜ਼ਮਾਂ ਤੇ ਪੈਨਸ਼ਨਰਾਂ ਦੇ ਹੱਕ ਵਿੱਚ ਦਿਤੇ ਫੈਸਲਿਆਂ 7/21ਤੋ ਜਨਵਰੀ 26 ਤੱਕ ਦਾ 18 % ਡੀ ਏ ਨਾ ਦੇਣ, ਮੈਡੀਕਲ ਭੱਤਾ 2000 ਨਾ ਕਰਨ, 2.59 ਦੇ ਗੁਣਾਕ ਨਾਲ ਪੈਨਸ਼ਨਾ ਫਿਕਸ ਨਾ ਕਰਨ ਆਦਿ ਮੰਗਾਂ ਨੂੰ ਟਾਲਮ ਟੋਲ ਕਰਨ ਦਾ ਹਰ ਹੀਲਾ ਵਰਤ ਰਹੀ ਹੈ ਜੱਥੇਬੰਦੀ ਨੇ ਸਰਕਾਰ ਵੱਲੋਂ ਜਾਰੀ ਕੀਤੇ ਪੈਨਸ਼ਨ ਪੋਰਟਲ ਦੀ ਨਿਖੇਧੀ ਕਰਦਿਆਂ ਮੰਗ ਕੀਤੀ ਕਿ ਇਸ ਨੂੰ ਤੁਰੰਤ ਬੰਦ ਕੀਤਾ ਜਾਵੇ ਤਾਂ ਕਿ ਬਿਰਧ ਪੈਨਸ਼ਨਰਜ਼, ਫੈਮਲੀ ਪੈਨਸ਼ਨਰਜ਼ ਨੂੰ ਬਣਦੇ ਬਕਾਏ ਜਾਰੀ ਨਹੀਂ ਕੀਤੇ ਜਾ ਰਹੇ। ਪੈਨਸ਼ਨਰਜ਼ ਦੀ ਮੁੱਖ ਮੰਗ 2.59 ਦਾ ਗੁਣਾਕ , ਪੇ ਕਮਿਸ਼ਨ ਦਾ ਬਕਾਇਆ ਕਿਸ਼ਤਾਂ ਦੀ ਵਜਾਏ ਯਕਮੁਕਤ ਇੱਕ ਕਿਸਤ ਵਿੱਚ ਦੇਣ ਦੀ ਪੁਰਜ਼ੋਰ ਮੰਗ ਕੀਤੀ ਗਈ। ਸਟੇਜ ਦੀ ਜ਼ਿਮੇਵਾਰੀ ਜਸਵਿੰਦਰ ਸਿੰਘ ਮੂਲੋਵਾਲ ਨੇ ਬਾਖੂਬੀ ਨਿਭਾਈ । ਸ੍ਰੀ ਗਿਰਧਾਰੀ ਲਾਲ ਵਿੱਤ ਸਕੱਤਰ ਵਲੋਂ ਲੇਖਾ ਜੋਖਾ ਪੜਕੇ ਸੁਣਾਇਆ ਗਿਆ । ਮੀਟਿੰਗ ਵਿੱਚ ਸੀਨੀਅਰ ਸਿਟੀਜਨ ਦੇ ਚੁਣੇ ਗਏ ਪ੍ਰਧਾਨ ਸ੍ਰੀ ਸਰਬਜੀਤ ਸਿੰਘ ਅਤੇ ਜਨਰਲ ਸਕੱਤਰ ਗੁਰਦੀਪ ਸਿੰਘ ਜੀ ਵਿਸ਼ੇਸ਼ ਤੋਰ ਹਾਜਰ ਹੋਏ ਇਸ ਮੌਕੇ ਉਹਨਾਂ ਦਾ ਸਰੋਪੇ ਪਾਕੇ ਸਨਮਾਨ ਕੀਤਾ ਗਿਆ। ਇਸ ਮੀਟਿੰਗ ਵਿੱਚ ਭਰਭੂਰ ਸਿੰਘ ਭੋਜੋਵਾਲੀ,ਹਰਬੰਸ ਸਿੰਘ ਸੋਢੀ,ਦਿਆਲ ਸਿੰਘ ਧੂਰਾ,ਰਾਮ ਲਾਲ ਸ਼ਰਮਾ ,ਬੁੱਧ ਸਿੰਘ, ਬਚਿੱਤਰ ਸਿੰਘ,ਹਰਿੰਦਰ ਸਿੰਘ ਪਲਾਸੌਰ,ਹਰਚਰਨ ਸਿੰਘ ਲਹਿਰੀ,ਸਾਧੂ ਸਿੰਘ ਪੇਦਨੀ , ਰਣਜੀਤ ਸਿੰਘ ਢੀਂਡਸਾ, ਚਰਨਜੀਤ ਸਿੰਘ ਸੋਹੀ , ਹਰਜਿੰਦਰ ਸਿੰਘ ਬੱਬਨਪੁਰ, ਅਜਾਇਬ ਸਿੰਘ ਦੋਹਲਾ,ਜੀਤ ਸਿੰਘ ਧੰਦੀਵਾਲ, ਹਰਚਰਨ ਸਿੰਘ ਲਹਿਰੀ, ਤੀਰਥ ਸਿੰਘ, ਸੰਤ ਭਗਤ ਸਿੰਘ,ਸਾਧੂ ਸਿੰਘ ਪੇਦਨੀ, ਬਚਿੱਤਰ ਸਿੰਘ,ਮੂਲ ਚੰਦ, ਅਮਰਜੀਤ ਸਿੰਘ, ਕਿਰਪਾਲ ਸਿੰਘ ਰਾਜੋਮਾਜਰਾ, ਤਰਸੇਮ ਚੰਦ ਮਿੱਤਲ , ਰਾਮਗੋਪਾਲ ਸ਼ਰਮਾ, ਇਕਬਾਲ ਖ਼ਾਨ ,ਕੇਵਲ ਕ੍ਰਿਸ਼ਨ,ਪਾਲਾ ਸਿੰਘ ਬਾਦਸ਼ਾਹਪੁਰ , ਗੋਪਾਲ ਸਿੰਘ ਰਾਜੋਮਾਜਰਾ ,ਹਰਜਗਦੀਸ਼ ਸਿੰਘ ਰਾਜੋਮਾਜਰਾ ਅਤੇ ਜੱਗਰ ਸਿੰਘ ਹੇੜੀਕੇ ਤੇ ਹੋ ਬਹੁਤ ਸਾਰੇ ਸਾਥੀ ਹਾਜ਼ਰ ਸਨ। ਅੰਤ ਵਿੱਚ ਜੈ ਦੇਵ ਸ਼ਰਮਾ ਪ੍ਰਧਾਨ ਜੀ ਵੱਲੋ ਆਏ ਪੈਨਸ਼ਨਰਜ਼ ਨੂੰ ਜੀ ਆਇਆਂ ਆਖਦਿਆਂ ਧੰਨਵਾਦ ਕੀਤਾ ਤੇ 29 ਤਾਰੀਖ ਨੂੰ ਵੱਧ ਤੋਂ ਵੱਧ ਗਿਣਤੀ ਵਿੱਚ ਰੈਲੀ ਤੇ ਜਾਣ ਦੀ ਅਪੀਲ ਕੀਤੀ ਗਈ ਇਹ ਵੀ ਦੱਸਿਆ ਗਿਆ ਕਿ ਬੱਸ ਪੈਨਸ਼ਨ ਦਫਤਰ ਤੋਂ ਠੀਕ 10 ਰਵਾਨਾ ਹੋਵੇਗੀ।

ਆਵਾਜ਼ਿ ਕੌਮ AWAZE QAUM International Newspaper & WEB TV

# ਵਪਾਰ ਨੂੰ ਸੂਬੇ 'ਚ ਉਤਸ਼ਾਹਿਤ ਕਰਨ ਵੱਲ ਕਦਮ : ਕੇਂਦਰੀ ਮੰਤਰੀ ਸ਼੍ਰੀ ਜੀਤਨ ਰਾਮ ਮਾਂਝੀਂ ਨਾਲ ਸਤਨਾਮ ਸਿੰਘ ਗਿੱਲ ਨੇ ਕੀਤੀ ਮੁਲਾਕਾਤ



**ਚੌਕ ਮਹਿਤਾ, 25 ਜੁਲਾਈ ( ਬਾਬਾ ਸੁਖਵੰਤ ਸਿੰਘ ਚੰਨਣਕੇ )**-ਸਤਨਾਮ ਸਿੰਘ ਗਿੱਲ ਐਲਬਰਟ ਰੋਡ ਦਿੱਲੀ ਸਥਿਤ ਰਿਹਾਇਸ਼ ਤੇ ਸੂਖਮ,ਲਘੂ ਅਤੇ ਦਰਮਿਆਨੇ ਐਂਟਰਪ੍ਰਾਈਜ਼ ਦੇ ਕੇਂਦਰੀ ਮੰਤਰੀ ਸ਼੍ਰੀ ਜੀਤਨ ਰਾਮ ਮਾਂਝੀਂ ਦੇ ਨਾਲ ਮੁਲਾਕਾਤ ਕੀਤੀ। ਚੇਤੇ ਰਹੇ ਕਿ ਸ੍ਰ ਸਤਾਨਮ ਸਿੰਘ ਗਿੱਲ ਘੱਟ ਗਿਣਤੀ ਲੋਕ ਭਲਾਈ ਸੰਸਥਾ ਦੇ ਪ੍ਰਧਾਨ ਹਨ ।ਸ਼੍ਰ ਗਿੱਲ ਨੇ ਕੇਂਦਰੀ ਮੰਤਰੀ ਨੂੰ ਪੰਜਾਬ ਵਿਖੇ ਪਹੁੰਚ ਕੇ ਪੰਜਾਬੀ ਵਪਾਰੀਆਂ ਦੀ ਬਾਂਹ ਫੜ੍ਹਨ ਅਤੇ ਕੇਂਦਰੀ ਗ੍ਰਾਂਟਾਂ ਮਿਲਣ 'ਚ ਆ ਰਹੀਆਂ ਅੜਚਨਾ ਨੂੰ ਦੂਰ ਕਰਨ ਲਈ ਅਪੀਲ ਵੀ ਕੀਤੀ। ਦੱਸਣਾ ਬਣਦਾ ਹੈ ਕਿ ਲੋਕ ਸਭਾ ਹਲਕੇ ਖਡੂਰ ਸਾਹਿਬ ਨਾਲ ਸਬੰਧਿਤ ਸਤਨਾਮ ਸਿੰਘ ਗਿੱਲ ਨੇ ਪੰਜਾਬ ਦੇ ਸਰਹੱਦੀ ਇਲਾਕਿਆਂ ਅਤੇ ਵਪਾਰ ਦਾ ਕੇਂਦਰ ਮੰਨੇ ਜਾਂਦੇ ਜ਼ਿਲ੍ਹਿਆਂ ਦੀ ਵਕਾਲਾ ਕਰਦਿਆਂ ਹੋਇਆਂ ਲਘੂ ਉਦਯੋਗ ਨੂੰ ਉਤਸ਼ਾਹਿਤ ਕਰਨ ਲਈ ਪੰਜਾਬ ਦੀਆਂ ਤਿੰਨਾ ਯੂਨੀਵਰਸਿਟੀਆਂ 'ਚ ਸੈਮੀਨਾਰ ਰੱਖਣ ਦੇ ਸੱਦੇ ਵੀ ਦਿੱਤੇ। ਇਸ ਮੀਟਿੰਗ ਬਾਰੇ ਮੀਡੀਆ ਕੋਲ ਖੁਲਾਸਾ ਕਰਦਿਆਂ ਸਤਨਾਮ ਸਿੰਘ ਗਿੱਲ ਨੇ ਦੱਸਿਆ ਕਿ ਕੇਂਦਰੀ ਮੰਤਰੀ ਸ੍ਰੀ ਜੀਤਨ ਰਾਮ ਮਾਂਝੀਂ ਨੇ ਪੰਜਾਬ ਦੇ ਡੈਲੀਗੇਟ ਵਜੋਂ ਸਾਨੂੰ ਸੁਣਿਆ। ਉਹਨਾ ਨੇ ਕਿਹਾ ਕਿ ਡੈਲੀਗੇਟ 'ਚ ਸ਼ਾਮਲ 'ਹਮ' ਦੇ ਪੰਜਾਬ ਚੋਂ ਪ੍ਰਤੀਨਿਧ ਸ੍ਰ ਕੁਲਦੀਪ ਸਿੰਘ ਅਟਵਾਲ ਨੇ ਬੜੇ ਸੁਖਾਵੇਂ ਮਹੌਲ 'ਚ ਇਹ ਸਹਿਚਾਰਕ ਮਿਲਣੀ ਕਰਵਾਈ ਹੈ ।ਉਹਨਾ ਨੇ ਕਿਹਾ ਕਿ ਕੇਂਦਰ ਮੰਤਰੀ ਸ਼੍ਰੀ ਜੀਤਨ ਰਾਮ ਮਾਂਝੀਂ ਜੋ ਕਿ ਹਿੰਦੋਸਤਾਨੀ ਆਵਾਮ ਮੌਰਚਾ (ਸੈਕੂਲਰ) ਦੇ ਸੁਪਰੀਮੋਂ ਵੀ ਹਨ ਨੇ ਪੰਜਾਬ ਦੀ ਸਿਆਸੀ ਜ਼ਮੀਨ ਤੇ ਖੜਕੇ ਪੰਜਾਬ ਦੇ ਬੇਸ਼ਕੀਮਤੀ ਹਿੱਤਾਂ ਦੀ ਵਲਾਕਤ ਕਰਨ ਅਤੇ ਪੰਜਾਬ 'ਚ ਹੋਣ ਵਾਲੀਆਂ ਅਗਾਮੀਂ ਵਿਧਾਨ ਸਭਾ ਚੋਣਾਂ 'ਚ ਪਾਰਟੀ ਤਰਫੋਂ ਉਮੀਦਵਾਰ ਖੜੇ ਕਰਨ ਬਾਰੇ ਸੰਕੇਤ ਦਿੱਤੇ ਹਨ। ਅਨੁਮਾਨ ਹੈ ਕਿ ਆਉਂਦੇ ਕੁਝ ਦਿਨਾ 'ਚ ਹਿੰਦੋਸਤਾਨੀ ਆਵਾਮ ਮੌਰਚਾ ਪੰਜਾਬ 'ਚ ਸੰਗਠਨ ਬਾਰੇ ਰਸਮੀਂ ਐਲਾਨ ਵੀ ਕਰ ਦੇਵੇ। ਇੱਕ ਸਵਾਲ ਦੇ ਜਵਾਬ 'ਚ ਸਤਨਾਮ ਸਿੰਘ ਗਿੱਲ ਨੇ ਦੱਸਿਆ ਕਿ ਸ਼੍ਰੀ ਜੀਤਨ ਰਾਮ ਮਾਂਝੀਂ ਨੇ ਸਾਡੇ ਵੱਲੋਂ ਕੀਤੀ ਵਿਚਾਰ ਚਰਚਾ ਉਪਰੰਤ ਉਹਨਾ ਨੇ ਸਿੱਖਾਂ ਦੇ ਚਰਚਿਤ ਮਾਮਲਿਆਂ ਅਤੇ ਕੇਂਦਰੀ ਪੱਧਰ ਤੇ ਸਿੱਖ ਸਮੁਦਾਇ ਲਈ ਵਿਸੇਸ਼ ਤੌਰ ਤੇ ਕੁਝ ਕਰ ਵਿਖਾਉਂਣ ਦੀ ਮਨਸ਼ਾ ਜ਼ਾਹਰ ਕੀਤੀ ਹੈ। ਉਹਨਾ ਨੇ ਕਿਹਾ ਕਿ ਪੰਜਾਬ ਦੇ ਸਿੱਖ ਹਲਕਿਆਂ 'ਚ ਸਰਗਰਮ ਸਿੱਖ ਜਥੇਬੰਦੀਆਂ ਦੇ ਪ੍ਰਮੁੱਖ ਆਗੂਆਂ ਨੂੰ ਕੇਂਦਰੀ ਮੰਤਰੀ ਵੱਲੋਂ ਮੀਟਿੰਗ ਲਈ ਭੇਜੇ ਸੱਦੇ ਤੋਂ ਜਾਣੂ ਕਰਵਾਕੇ ਪੈਂਡਿੰਗ ਮਾਮਲਿਆਂ ਨੂੰ ਫਿਰ ਤੋਂ ਚਰਚਾ ਅਧੀਨ ਲਿਆਂਦਾ ਜਾਵੇਗਾ।

ਆਵਾਜ਼ਿ ਕੌਮ AWAZE QAUM International Newspaper & WEB TV

# ਬਿਜਲੀ ਮੁਲਾਜ਼ਮਾਂ ਦੀ ਹੜਤਾਲ 5ਵੇਂ ਦਿਨ ਵੀ ਜਾਰੀ



ਫ਼ਿਰੋਜ਼ਪੁਰ, 26 ਜੁਲਾਈ (ਮਨੋਹਰ ਲਾਲ) :— ਜੁਆਇੰਟ ਫੋਰਮ ਅਤੇ ਏਕਤਾ ਮੰਚ ਦੇ ਸੱਦੇ ਤੇ ਬਿਜਲੀ ਕਰਮਚਾਰੀਆਂ ਨੇ ਸਿਟੀ ਮੰਡਲ ਦਫਤਰ ਸਾਹਮਣੇ ਆਪਣੀਆਂ ਮੰਗਾਂ ਨੂੰ ਲੈ ਕੇ ਬਿਜਲੀ ਕਾਮਿਆਂ ਵੱਲੋਂ ਧਰਨਾ ਦੇ ਕੇ ਰੋਸ ਪ੍ਰਦਰਸ਼ਨ ਕੀਤਾ ਗਿਆ। ਅੱਜ ਦੇ ਧਰਨੇ ਦੀ ਪ੍ਰਧਾਨਗੀ ਰਕੇਸ਼ ਸੈਨੀ ਪ੍ਰਧਾਨ ਵੱਲੋਂ ਕੀਤੀ ਗਈ, ਜਦੋਂ ਕਿ ਸਟੇਜ਼ ਦੀ ਕਾਰਵਾਈ ਪ੍ਰਧਾਨ ਸਤੀਸ਼ ਕੁਮਾਰ ਵੱਲੋਂ ਚਲਾਈ ਗਈ। ਇਸ ਧਰਨੇ ਨੂੰ ਸੰਬੋਧਨ ਕਰਦਿਆਂ ਜ਼ੋਨ ਸਕੱਤਰ ਰਜੇਸ਼ ਦੱਤਾ ਐਮ.ਯੂ.ਓ ਦੇ ਆਗੂ ਹਿਤੇਸ਼ ਕੁਮਾਰ, ਕੇਸ਼ਵ ਕੁਮਾਰ, ਪੰਜਾਬ ਦੇ ਆਗੂ ਰਕੇਸ਼ ਸੈਨੀ ਪੰਜਾਬ ਦੇ ਸਾਬਕਾ ਆਗੂ ਸਤੀਸ਼ ਕੁਮਾਰ, ਅਸ਼ਵਨੀ ਕੁਮਾਰ, ਸੁਨੀਲ ਕੁਮਾਰ, ਅਮੋਲਕ ਸਿੰਘ, ਰੋਹਿਤ ਦੇਵਗਨ, ਰਣਵੀਰ ਸਿੰਘ, ਤਰਲੋਚਨ ਸਿੰਘ, ਬਲਵੰਤ ਸਿੰਘ ਬਿੱਟੂ, ਰਾਮ ਸੁੱਖ ਸਾਹਿਲ ਚਾਵਲਾ ਨੇ ਕਿਹਾ ਕਿ ਪੰਜਾਬ ਸਰਕਾਰ ਅਤੇ ਪਾਵਰ ਕਾਰਪੋਰੇਸ਼ਨ ਦੀ ਮੈਨੇਜਮੈਂਟ ਵੱਲੋਂ ਮੁਲਾਜ਼ਮਾਂ ਦੀਆਂ ਮੰਗਾਂ ਮੰਨਣ ਤੋਂ ਲਗਾਤਾਰ ਟਾਲ ਮਟੋਲ ਦੀ ਨੀਤੀ ਅਪਣਾਈ ਜਾ ਰਹੀ ਹੈ। ਉਨ੍ਹਾਂ ਕਿਹਾ ਇਸ ਕਰਕੇ ਮੁਲਾਜ਼ਮਾਂ ਵੱਲੋਂ ਭਾਰੀ ਰੋਸ ਪਾਇਆ ਜਾ ਰਿਹਾ ਹੈ ਅਤੇ ਮੁਲਾਜ਼ਮ ਦੀਆਂ ਮੰਗਾਂ 18 ਫੀਸਦੀ ਡੀ.ਏ ਦਾ ਬਣਦਾ ਬਕਾਇਆ ਦਿੱਤਾ ਜਾਵੇ, 17.7.2020 ਦਾ ਨੋਟੀਫਿਕੇਸ਼ਨ ਰੱਦ ਕੀਤਾ ਜਾਵੇ, ਛੇਵਾਂ ਪੇ ਕਮਿਸ਼ਨ ਲਾਗੂ ਕੀਤਾ ਜਾਵੇ, ਮੁਲਾਜ਼ਮਾਂ ਨੂੰ ਐਨ.ਪੀ.ਐਸ ਦੀ ਜਗ੍ਹਾ ਪੁਰਾਣੀ ਪੈਨਸ਼ਨ ਦਿੱਤੀ ਜਾਵੇ, 249/04, 267/11 ਅਤੇ 281/13 ਵਾਲੇ ਕਰਮਚਾਰੀਆਂ ਦੀਆਂ ਸੇਵਾਵਾਂ ਰੈਗੂਲਰ ਕਰਨ ਅਤੇ ਸਰਵਿਸ ਵਿਚ ਗਿਨਣ ਬਾਰੇ ਅਤੇ ਕੱਚੇ ਮੁਲਾਜ਼ਮ ਪੱਕੇ ਕੀਤੇ ਜਾਣ, ਪਾਰਟ ਟਾਈਮ ਕਾਮੇ, ਸੀ.ਐਚ.ਬੀ ਕਾਮੇ ਪੱਕੇ ਕੀਤੇ ਜਾਣ, ਜਿਹੜਾ ਮੋਬਾਇਲ ਫੋਨ ਮੁਲਾਜ਼ਮਾਂ ਨੂੰ ਧੱਕੇ ਨਾਲ ਦਿੱਤਾ ਜਾ ਰਿਹਾ ਹੈ, ਉਸ ਨੂੰ ਵਾਪਸ ਲਿਆ ਜਾਵੇ। ਮੁਲਾਜ਼ਮ ਆਗੂਆਂ ਨੇ ਕਿਹਾ ਕਿ ਸਹਾਇਕ ਲਾਈਨਮੈਨ ਅਤੇ ਲਾਈਨਮੈਨਾਂ ਨੂੰ ਰਿਸਕ ਭੱਤਾ, ਪਟਰੋਲ ਭੱਤਾ ਦਿੱਤਾ ਜਾਵੇ, ਮੌਤ ਦੌਰਾਨ ਵਾਰਸਾਂ ਨੂੰ ਪਹਿਲ ਦੇ ਆਧਾਰ ਤੇ ਨੌਕਰੀ ਦਿੱਤੀ ਜਾਵੇ, ਬਣਦਾ ਬੈਨੀਫਿਟ ਦਿੱਤਾ ਜਾਵੇ। ਆਗੂਆਂ ਨੇ ਕਿਹਾ ਕਿ ਮੁਲਾਜ਼ਮਾਂ ਦੀਆਂ ਪੰਜਾਬ ਸਰਕਾਰ ਧੱਕੇ ਨਾਲ ਡਿਊਟੀਆਂ ਲਗਾਈਆਂ ਗਈਆਂ ਹਨ, ਨੂੰ ਰੱਦ ਕੀਤਾ ਜਾਵੇ, ਜੇਕਰ ਪੰਜਾਬ ਸਰਕਾਰ ਅਤੇ ਪਾਵਰਕੌਮ ਮੈਨੇਜਮੈਂਟ ਨੇ ਮੁਲਾਜ਼ਮਾਂ ਦੀਆਂ ਮੰਗਾਂ ਨਾ ਮੰਨੀਆਂ ਤਾਂ ਬਿਜਲੀ ਕਰਮਚਾਰੀਆਂ ਵੱਲੋਂ ਹੋਰ ਤਿੱਖਾ ਸੰਘਰਸ਼ ਕੀਤਾ ਜਾਵੇਗਾ, ਜਿਸ ਦੀ ਸਾਰੀ ਜ਼ਿੰਮੇਵਾਰੀ ਪੰਜਾਬ ਸਰਕਾਰ ਤੇ ਮੈਨੇਜਮੈਂਟ ਦੀ ਹੋਵੇਗੀ।

ਆਵਾਜ਼ਿ ਕੌਮ AWAZE QAUM International Newspaper & WEB TV

ਜਿਸ ਤਰ੍ਹਾਂ ਮਹਾਨ ਸ਼ਖ਼ਸੀਅਤਾਂ ਨੇ ਸਿੱਖਿਆ ਲਈ ਜੀਵਨ ਲੇਖੇ ਲਾਇਆ, ਉਸੇ ਰਾਹ 'ਤੇ ਤੁਰਦਿਆਂ

# ਜਥੇਦਾਰ ਦਾਦੂਵਾਲ ਬਣੇ ਹਰਿਆਣੇ ਦੇ ਨੌਜਵਾਨਾਂ ਦੇ ਰਹਿਨੁਮਾ



ਦੁਨੀਆ ਦਾ ਇਤਿਹਾਸ ਗਵਾਹ ਹੈ ਕਿ ਕੌਮਾਂ ਦੀ ਤਰੱਕੀ ਦਾ ਰਸਤਾ ਹਮੇਸ਼ਾ ਸਿੱਖਿਆ ਦੇ ਚਾਨਣ ਤੋਂ ਹੋ ਕੇ ਗੁਜ਼ਰਦਾ ਹੈ। ਜਿਵੇਂ ਬੁਕਰ ਟੀ. ਵਾਸ਼ਿੰਗਟਨ ਨੇ 'ਟਸਕੇਗੀ' ਰਾਹੀਂ, ਡਾ. ਬੀ. ਆਰ. ਅੰਬੇਡਕਰ ਨੇ 'ਪੀਪਲਜ਼ ਐਜੂਕੇਸ਼ਨ ਸੋਸਾਇਟੀ' ਰਾਹੀਂ, ਸਰ ਸੱਯਦ ਅਹਿਮਦ ਖਾਨ ਨੇ 'ਅਲੀਗੜ੍ਹ ਅੰਦੋਲਨ' ਰਾਹੀਂ ਅਤੇ ਮਹਾਤਮਾ ਜੋਤੀਰਾਓ ਫੂਲੇ ਤੇ

**ਝੀਂਡਾ ਦੇ ਪਿਛਾਂਹ ਹਟਣ ਤੋਂ ਬਾਅਦ ਜਥੇਦਾਰ ਦਾਦੂਵਾਲ ਦੇ ਇਤਿਹਾਸਕ ਸਟੈਂਡ ਨੇ 'ਮੀਰੀ ਪੀਰੀ ਇੰਸਟੀਚਿਊਟ' ਨੂੰ ਦਿੱਤੀ ਨਵੀਂ ਜ਼ਿੰਦਗੀ**

ਸਾਵਿਤਰੀਬਾਈ ਫੂਲੇ ਨੇ ਆਪਣਾ ਪੂਰਾ ਜੀਵਨ ਵਿੱਦਿਆ ਦੀ ਰੋਸ਼ਨੀ ਫੈਲਾਉਣ ਲਈ ਲੇਖੇ ਲਾ ਦਿੱਤਾ; ਉਸੇ ਹੀ ਵਿਦਿਅਕ ਸੋਚ ਅਤੇ ਨਿਸ਼ਕਾਮ ਸਮਰਪਣ ਦੀ ਝਲਕ ਜਥੇਦਾਰ ਬਲਜੀਤ ਸਿੰਘ ਦਾਦੂਵਾਲ ਦੇ ਅਮਲੀ ਕਾਰਜਾਂ ਵਿੱਚ ਵੇਖਣ ਨੂੰ ਮਿਲਦੀ ਹੈ। ਜਦੋਂ ਹਰਿਆਣੇ ਦੇ ਨੌਜਵਾਨਾਂ ਦੇ ਭਵਿੱਖ 'ਤੇ ਸੰਕਟ ਦੇ ਬਾਦਲ ਛਾਏ ਹੋਏ ਸਨ, ਤਾਂ ਜਥੇਦਾਰ ਦਾਦੂਵਾਲ ਨੇ ਇੱਕ ਦੂਰਅੰਦੇਸ਼ੀ ਵਿਦਿਅਕ ਰਹਿਨੁਮਾ ਵਜੋਂ ਅੱਗੇ ਆ ਕੇ ਵਾਗਡੋਰ ਸੰਭਾਲੀ।

ਦੂਜੇ ਪਾਸੇ, ਹਾਈਕੋਰਟ ਵਿੱਚ ਮੀਰੀ ਪੀਰੀ ਇੰਸਟੀਚਿਊਟ ਦੀ ਕਾਨੂੰਨੀ ਜਿੱਤ ਤੋਂ ਬਾਅਦ ਜਗਦੀਸ਼ ਸਿੰਘ ਝੀਂਡਾ ਨੇ ਫੋਕੀਆਂ ਫੜ੍ਹਾਂ ਮਾਰ ਕੇ ਸਾਰੀ ਵਾਹ-ਵਾਹੀ ਆਪਣੇ ਨਾਮ ਕਰਨ ਦੀ ਕੋਸ਼ਿਸ਼ ਕੀਤੀ ਸੀ। ਪਰ ਜਦੋਂ ਇਸ ਇੰਸਟੀਚਿਊਟ ਨੂੰ ਅਮਲੀ ਰੂਪ ਵਿੱਚ ਚਲਾਉਣ ਦੀ ਜ਼ਿੰਮੇਵਾਰੀ ਆਈ, ਤਾਂ ਝੀਂਡਾ ਦਾ ਖੋਖਲਾਪਨ ਸਭ ਦੇ ਸਾਹਮਣੇ ਆ ਗਿਆ। ਬਜਟ ਦੀ ਘਾਟ ਅਤੇ ਸਟਾਫ਼ ਦੀਆਂ ਤਨਖਾਹਾਂ ਨਾ ਦੇ ਸਕਣ ਦਾ ਬਹਾਨਾ ਬਣਾ ਕੇ ਹਰਿਆਣਾ ਕਮੇਟੀ ਦੇ ਪ੍ਰਧਾਨ ਝੀਂਡਾ ਨੇ ਸ਼ਰੇਆਮ ਹੱਥ ਖੜ੍ਹੇ ਕਰ ਦਿੱਤੇ। ਅਸਲ ਜ਼ਿੰਮੇਵਾਰੀ ਤੋਂ ਭੱਜਣ ਦੀ ਇਸ ਗੈਰ ਜ਼ਿੰਮੇਦਾਰਾਨਾ ਕਾਰਵਾਈ ਨੇ ਹਰਿਆਣੇ ਦੀ ਨੌਜਵਾਨ ਪੀੜ੍ਹੀ ਦੇ ਭਵਿੱਖ ਨੂੰ ਘੋਰ ਹਨ੍ਹੇਰੇ ਵਿੱਚ ਧੱਕ ਦਿੱਤਾ ਸੀ।

ਆਵਾਜ਼ਿ ਕੌਮ AWAZE QAUM International Newspaper & WEB TV

ਇਸ ਨਾਜ਼ੁਕ ਮੋੜ 'ਤੇ ਜਥੇਦਾਰ ਬਲਜੀਤ ਸਿੰਘ ਦਾਦੂਵਾਲ ਨੇ ਉੱਚ-ਕੋਟੀ ਦੇ ਵਿਦਵਾਨਾਂ ਵਾਲੀ ਸੋਚ ਅਤੇ ਬੁਲੰਦ ਜਿਗਰਾ ਦਿਖਾਇਆ। ਹਰਿਆਣੇ ਦੇ ਨੌਜਵਾਨਾਂ ਦੇ ਭਵਿੱਖ ਦੀ ਗੰਭੀਰ ਚਿੰਤਾ ਕਰਦਿਆਂ, ਉਨ੍ਹਾਂ ਨੇ 'ਮੀਰੀ ਪੀਰੀ ਇੰਸਟੀਚਿਊਟ' ਨੂੰ ਪੰਜਾਬ ਦੀ ਬਾਦਲ ਦਲ ਤੋਂ ਆਪਣੇ ਹੱਥਾਂ ਵਿੱਚ ਵਾਪਸ ਲੈਣ ਲਈ ਦਿਨ-ਰਾਤ ਇੱਕ ਕਰ ਦਿੱਤਾ ਅਤੇ ਚਟਾਨ ਵਾਂਗ ਸਖ਼ਤ ਸਟੈਂਡ ਲਿਆ। ਜਿੱਥੇ ਝੀਂਡਾ ਦੀ ਅਗਵਾਈ ਬਜਟ ਦੇ ਬਹਾਨਿਆਂ ਹੇਠ ਦਮ ਤੋੜ ਗਈ, ਉੱਥੇ ਜਥੇਦਾਰ ਦਾਦੂਵਾਲ ਦੇ ਇਸ ਇਤਿਹਾਸਕ ਕਦਮ ਨੇ ਸਾਬਤ ਕਰ ਦਿੱਤਾ ਕਿ ਕੌਮ ਦੇ ਵਿਦਿਅਕ ਅਦਾਰਿਆਂ ਦੀ ਰਾਖੀ ਸਿਰਫ਼ ਗੱਲਾਂ ਨਾਲ ਨਹੀਂ, ਸਗੋਂ ਜਿਗਰੇ ਅਤੇ ਨਿਸ਼ਕਾਮ ਸਮਰਪਣ ਨਾਲ ਹੁੰਦੀ ਹੈ। ਇਸ ਕਾਰਜ ਨੇ ਹਰਿਆਣੇ ਦੇ ਸਿੱਖ ਭਾਈਚਾਰੇ ਵਿੱਚ ਉਨ੍ਹਾਂ ਦੇ ਰੁਤਬੇ ਨੂੰ ਹੋਰ ਵੀ ਉੱਚਾ ਕਰ ਦਿੱਤਾ ਹੈ।

**-ਪਰਗਟ ਸਿੰਘ ਬਲਬੇੜਾ**
9022000070

ਐਚਐਮਈਐਲ ਨੇ ਸੇਵਾ, ਸੁਰੱਖਿਆ ਅਤੇ ਸਮਾਜਿਕ ਜ਼ਿੰਮੇਵਾਰੀ ਦੇ

# ਸੰਕਲਪ ਨਾਲ ਮਨਾਇਆ 19ਵਾਂ ਸਥਾਪਨਾ ਦਿਵਸ








ਤਲਵੰਡੀ ਸਾਬੋ, 26 ਜੁਲਾਈ (ਗੁਰਜੰਟ ਸਿੰਘ ਨਥੇਹਾ)-ਐਚਪੀਸੀਐਲ ਮਿੱਤਲ ਐਨਰਜੀ ਲਿਮਿਟੇਡ ਨੇ ਆਪਣਾ 19ਵਾਂ ਸਥਾਪਨਾ ਦਿਵਸ ਪੂਰੇ ਉਤਸ਼ਾਹ, ਮਾਣ ਅਤੇ ਸਮਾਜਿਕ ਜ਼ਿੰਮੇਵਾਰੀ ਦੀ ਭਾਵਨਾ ਨਾਲ ਮਨਾਇਆ। ਇਸ ਮੌਕੇ ਕੰਪਨੀ ਦੇ ਸਾਰੇ ਬਿਜ਼ਨਸ ਸਥਾਨਾਂ 'ਤੇ ਸੀਨੀਅਰ ਮੈਨੇਜਮੈਂਟ ਦੀ ਮੌਜੂਦਗੀ ਵਿੱਚ ਕਰਮਚਾਰੀਆਂ ਨੇ ਸਥਾਪਨਾ ਦਿਵਸ ਦੀ ਸ਼ਪਥ ਲੈਂਦਿਆਂ ਸੁਰੱਖਿਆ, ਉਤਕ੍ਰਿਸ਼ਟਤਾ, ਨੈਤਿਕ ਮੁੱਲਾਂ, ਨਵੀਨਤਾ ਅਤੇ ਸਮਾਜ ਪ੍ਰਤੀ ਆਪਣੀਆਂ ਜ਼ਿੰਮੇਵਾਰੀਆਂ ਨੂੰ ਪੂਰੀ ਨਿਸ਼ਠਾ ਨਾਲ ਨਿਭਾਉਣ ਦਾ ਸੰਕਲਪ ਲਿਆ। ਸਥਾਪਨਾ ਦਿਵਸ ਸਮਾਰੋਹ ਦੇ ਤਹਿਤ ਗੁਰੂ ਗੋਬਿੰਦ ਸਿੰਘ ਰਿਫਾਈਨਰੀ ਵਿਖੇ ਸਵੈਇੱਛਿਕ ਖ਼ੂਨਦਾਨ ਕੈਂਪ ਦਾ ਆਯੋਜਨ ਕੀਤਾ ਗਿਆ। ਸਮਾਜ ਪ੍ਰਤੀ ਆਪਣੀ ਜ਼ਿੰਮੇਵਾਰੀ ਨਿਭਾਉਂਦੇ ਹੋਏ ਐਚਐਮਈਐਲ ਦੇ ਕਰਮਚਾਰੀਆਂ ਅਤੇ ਐਚਐਮਈਐਲ ਪਰਿਵਾਰ ਦੇ ਮੈਂਬਰਾਂ ਨੇ ਵੱਡੀ ਗਿਣਤੀ ਵਿੱਚ ਖ਼ੂਨਦਾਨ ਕੀਤਾ। ਇਸ ਕੈਂਪ ਦੌਰਾਨ 236 ਯੂਨਿਟ ਖ਼ੂਨ ਇਕੱਠਾ ਕੀਤਾ ਗਿਆ, ਜੋ ਲੋੜਵੰਦ ਮਰੀਜ਼ਾਂ ਲਈ ਜੀਵਨਦਾਨ ਸਾਬਤ ਹੋਵੇਗਾ। ਇਸ ਮੌਕੇ ਐਚਐਮਈਐਲ ਦੇ ਮੁੱਖ ਸੰਚਾਲਨ ਅਧਿਕਾਰੀ ਸ਼੍ਰੀ ਐਮ. ਬੀ. ਗੋਹਿਲ, ਵਾਈਸ ਪ੍ਰੈਜ਼ੀਡੈਂਟ ਆਪਰੇਸ਼ਨਜ਼ ਐਕਸੀਲੈਂਸ ਸ਼੍ਰੀ ਅਰੁਣ ਭਾਰਦਵਾਜ ਅਤੇ ਮੁੱਖ ਮੈਡੀਕਲ ਅਧਿਕਾਰੀ ਡਾ. ਪ੍ਰਵੀਣ ਮੁਦਗਲ ਨੇ ਖ਼ੂਨਦਾਤਾਵਾਂ ਦਾ ਹੌਸਲਾ ਵਧਾਇਆ ਅਤੇ ਉਨ੍ਹਾਂ ਦੇ ਨਿਸ਼ਕਾਮ ਯੋਗਦਾਨ ਦੀ ਸ਼ਲਾਘਾ ਕੀਤੀ। ਸਿਹਤ ਵਿਭਾਗ ਦੇ ਬਲੱਡ ਬੈਂਕ ਦੀ ਟੀਮ ਨੇ ਸਾਰੇ ਮੈਡੀਕਲ ਮਾਪਦੰਡਾਂ ਦੀ ਪਾਲਣਾ ਕਰਦਿਆਂ ਖ਼ੂਨ ਇਕੱਠਾ ਕੀਤਾ ਅਤੇ ਸਾਰੇ ਖ਼ੂਨਦਾਤਾਵਾਂ ਨੂੰ ਪ੍ਰਸ਼ੰਸਾ ਪੱਤਰ ਭੇਂਟ ਕੀਤੇ। ਇਸ ਮੌਕੇ ਆਪਣੇ ਸੰਬੋਧਨ ਦੌਰਾਨ ਸੀਓਓ ਸ਼੍ਰੀ ਐਮ. ਬੀ. ਗੋਹਿਲ ਨੇ ਕਿਹਾ ਕਿ ਸਾਡੇ 19 ਸਾਲਾਂ ਦਾ ਸਫ਼ਰ ਭਰੋਸੇ, ਸੁਰੱਖਿਆ, ਨਵੀਨਤਾ ਅਤੇ ਉਤਕ੍ਰਿਸ਼ਟਤਾ ਦੀ ਮਜ਼ਬੂਤ ਨੀਂਹ 'ਤੇ ਅਧਾਰਿਤ ਹੈ। ਐਚਐਮਈਐਲ ਦੀ ਅਸਲ ਤਾਕਤ ਸਿਰਫ਼ ਇਸ ਦੀ ਆਧੁਨਿਕ ਤਕਨਾਲੋਜੀ ਨਹੀਂ, ਸਗੋਂ ਸਾਡੇ ਸਮਰਪਿਤ ਕਰਮਚਾਰੀ ਹਨ, ਜੋ ਹਰ ਰੋਜ਼ ਸੰਸਥਾ ਅਤੇ ਸਮਾਜ ਦੋਵਾਂ ਪ੍ਰਤੀ ਆਪਣੀ ਜ਼ਿੰਮੇਵਾਰੀ ਨਿਭਾਉਂਦੇ ਹਨ। ਅੱਜ ਸਾਰੇ ਬਿਜ਼ਨਸ ਸਥਾਨਾਂ 'ਤੇ ਲਈ ਗਈ ਸ਼ਪਥ ਅਤੇ ਕਰਮਚਾਰੀਆਂ ਵੱਲੋਂ ਕੀਤਾ ਗਿਆ ਸਵੈਇੱਛਿਕ ਖ਼ੂਨਦਾਨ ਇਸ ਗੱਲ ਦਾ ਪ੍ਰਮਾਣ ਹੈ ਕਿ ਐਚਐਮਈਐਲ ਸਿਰਫ਼ ਊਰਜਾ ਦਾ ਉਤਪਾਦਨ ਹੀ ਨਹੀਂ ਕਰਦਾ, ਸਗੋਂ ਸਮਾਜ ਵਿੱਚ ਸਕਾਰਾਤਮਕ ਬਦਲਾਅ ਲਿਆਉਣ ਲਈ ਵੀ ਵਚਨਬੱਧ ਹੈ। ਸਾਨੂੰ ਪੂਰਾ ਵਿਸ਼ਵਾਸ ਹੈ ਕਿ ਸੇਵਾ ਅਤੇ ਮਨੁੱਖਤਾ ਦੀ ਇਹ ਭਾਵਨਾ ਆਉਣ ਵਾਲੇ ਸਾਲਾਂ ਵਿੱਚ ਵੀ ਸਾਡੀ ਪਹਿਚਾਣ ਬਣੀ ਰਹੇਗੀ। ਉਨ੍ਹਾਂ ਕਿਹਾ ਕਿ ਖ਼ੂਨਦਾਨ ਸਭ ਤੋਂ ਮਹਾਨ ਮਨੁੱਖੀ ਸੇਵਾਵਾਂ ਵਿੱਚੋਂ ਇੱਕ ਹੈ ਅਤੇ ਹਰ ਤੰਦਰੁਸਤ ਵਿਅਕਤੀ ਨੂੰ ਨਿਯਮਿਤ ਤੌਰ 'ਤੇ ਸਵੈਇੱਛਿਕ ਖ਼ੂਨਦਾਨ ਲਈ ਅੱਗੇ ਆਉਣਾ ਚਾਹੀਦਾ ਹੈ, ਕਿਉਂਕਿ ਖ਼ੂਨ ਦੀ ਇੱਕ ਯੂਨਿਟ ਕਈ ਲੋਕਾਂ ਦੀ ਜ਼ਿੰਦਗੀ ਬਚਾ ਸਕਦੀ ਹੈ। ਐਚਐਮਈਐਲ ਪ੍ਰਬੰਧਨ ਨੇ ਸਾਰੇ ਖ਼ੂਨਦਾਤਾਵਾਂ, ਸੀਨੀਅਰ ਮੈਨੇਜਮੈਂਟ, ਆਕਿਊਪੇਸ਼ਨਲ ਹੈਲਥ ਸੈਂਟਰ ਦੀ ਟੀਮ, ਸਿਹਤ ਵਿਭਾਗ ਦੇ ਬਲੱਡ ਬੈਂਕ, ਡਾਕਟਰਾਂ, ਵਲੰਟੀਅਰਾਂ ਅਤੇ ਸਮੂਹ ਸਹਿਯੋਗੀਆਂ ਦਾ ਦਿਲੋਂ ਧੰਨਵਾਦ ਕੀਤਾ। 19ਵੇਂ ਸਥਾਪਨਾ ਦਿਵਸ ਮੌਕੇ ਆਯੋਜਿਤ ਸ਼ਪਥ ਸਮਾਰੋਹ ਅਤੇ ਸਵੈਇੱਛਿਕ ਖ਼ੂਨਦਾਨ ਮੁਹਿੰਮ ਨੇ ਇੱਕ ਵਾਰ ਫਿਰ ਸਾਬਤ ਕੀਤਾ ਕਿ ਐਚਐਮਈਐਲ ਉਦਯੋਗਿਕ ਉਤਕ੍ਰਿਸ਼ਟਤਾ ਦੇ ਨਾਲ-ਨਾਲ ਮਨੁੱਖਤਾ, ਸੇਵਾ ਅਤੇ ਸਮਾਜਿਕ ਜ਼ਿੰਮੇਵਾਰੀ ਨੂੰ ਵੀ ਬਰਾਬਰ ਮਹੱਤਵ ਦਿੰਦਾ ਹੈ।

ਆਵਾਜ਼ਿ ਕੌਮ AWAZE QAUM International Newspaper & WEB TV

**ਸਾਰੇ ਬਿਜ਼ਨਸ ਸਥਾਨਾਂ 'ਤੇ ਸੀਨੀਅਰ ਮੈਨੇਜਮੈਂਟ ਦੀ ਮੌਜੂਦਗੀ ਵਿੱਚ ਸਥਾਪਨਾ ਦਿਵਸ ਦੀ ਸ਼ਪਥ, ਸਵੈਇੱਛਿਕ ਖ਼ੂਨਦਾਨ ਕੈਂਪ ਵਿੱਚ 236 ਯੂਨਿਟ ਖ਼ੂਨ ਇਕੱਠਾ**

# ਸਫ਼ਾਈ ਕਰਮਚਾਰੀਆਂ ਤੇ ਹੋਏ ਲਾਠੀਚਾਰਜ ਨਿੰਦਣਯੋਗ—ਗੁਰਚਰਨ ਸਿੰਘ ਨਾਹਰ, ਪੰਜਾਬ ਭਰ ਚ ਪ੍ਰਦਰਸ਼ਨ ਕਰਨ ਦੀ ਦਿੱਤੀ ਚਿਤਾਵਨੀ



ਫ਼ਿਰੋਜ਼ਪੁਰ, 26 ਜੁਲਾਈ (ਮਨੋਹਰ ਲਾਲ) :— ਪੰਜਾਬ ਵਿੱਚ ਆਪਣੀਆਂ ਜਾਇਜ਼ ਮੰਗਾਂ ਨੂੰ ਲੈ ਕੇ ਸ਼ਾਂਤੀਪੂਰਨ ਢੰਗ ਨਾਲ ਰੋਸ ਪ੍ਰਦਰਸ਼ਨ ਕਰ ਰਹੇ ਬਰਨਾਲਾ ਵਿਚ ਸਫ਼ਾਈ ਕਰਮਚਾਰੀਆਂ ਉਪਰ ਪੁਲਿਸ ਵੱਲੋਂ ਕੀਤੇ ਗਏ ਲਾਠੀਚਾਰਜ ਦੀ ਸਾਬਕਾ ਜ਼ਿਲ੍ਹਾ ਪ੍ਰਧਾਨ ਫਿਰੋਜਪੁਰ ਅਤੇ ਵਾਈਸ ਪ੍ਰਧਾਨ ਐਸ.ਸੀ. ਵਿੰਗ ਪੰਜਾਬ ਗੁਰਚਰਨ ਸਿੰਘ ਨਾਹਰ ਨੇ ਸਖ਼ਤ ਸ਼ਬਦਾਂ ਵਿੱਚ ਨਿੰਦਾ ਕੀਤੀ ਹੈ।

ਇਸ ਸਬੰਧੀ ਆਪਣਾ ਪ੍ਰਤੀਕਰਮ ਜ਼ਾਹਿਰ ਕਰਦਿਆਂ ਗੁਰਚਰਨ ਸਿੰਘ ਨਾਹਰ ਨੇ ਕਿਹਾ ਕਿ ਲੋਕਤੰਤਰ ਵਿੱਚ ਹਰ ਨਾਗਰਿਕ ਅਤੇ ਕਰਮਚਾਰੀ ਨੂੰ ਆਪਣੀ ਗੱਲ ਸ਼ਾਂਤੀਪੂਰਨ ਤਰੀਕੇ ਨਾਲ ਰੱਖਣ ਦਾ ਪੂਰਾ ਅਧਿਕਾਰ ਹੈ, ਪ੍ਰੰਤੂ ਸਰਕਾਰ ਵੱਲੋਂ ਉਨ੍ਹਾਂ ਦੀਆਂ ਮੰਗਾਂ ਸੁਣਨ ਦੀ ਬਜਾਏ ਲਾਠੀਚਾਰਜ ਅਤੇ ਬਲ ਪ੍ਰਯੋਗ ਕਰਨਾ ਬਹੁਤ ਹੀ ਮੰਦਭਾਗਾ, ਨਿੰਦਣਯੋਗ ਅਤੇ ਅਸੰਵੇਦਨਸ਼ੀਲ ਰਵੱਈਆ ਹੈ। ਸਫ਼ਾਈ ਕਰਮਚਾਰੀਆਂ ਦੇ ਹੱਕ ਵਿਚ ਆਵਾਜ਼ ਬੁਲੰਦ ਕਰਦਿਆਂ ਸ੍ਰੀ ਨਾਹਰ ਨੇ ਕਿਹਾ ਕਿ ਸਫ਼ਾਈ ਕਰਮਚਾਰੀ ਦਿਨ ਰਾਤ ਮਿਹਨਤ ਕਰਕੇ ਸਮਾਜ ਨੂੰ ਸਵੱਛ ਰੱਖਣ ਵਿੱਚ ਅਹਿਮ ਯੋਗਦਾਨ ਪਾਉਂਦੇ ਹਨ, ਅਜਿਹੇ ਮਿਹਨਤਕਸ਼ ਕਰਮਚਾਰੀਆਂ ਨਾਲ ਲਾਠੀਚਾਰਜ ਵਰਗਾ ਬਰਤਾਓ ਕਿਸੇ ਵੀ ਕੀਮਤ ਤੇ ਬਰਦਾਸ਼ਤ ਨਹੀਂ ਕੀਤਾ ਜਾਵੇਗਾ। ਉਨ੍ਹਾਂ ਕਿਹਾ ਕਿ ਰੋਸ ਪ੍ਰਦਰਸ਼ਨ ਦੌਰਾਨ ਐਸ.ਸੀ. ਸਮਾਜ ਦੀਆਂ ਔਰਤਾਂ ਨਾਲ ਕੀਤੀ ਗਈ ਧੱਕਾਮੁੱਕੀ ਅਤੇ ਮਾਰਪੀਟ ਅਤਿਅੰਤ ਸ਼ਰਮਨਾਕ ਹੈ। ਉਨ੍ਹਾਂ ਮੰਗ ਕੀਤੀ ਕਿ ਦੋਸ਼ੀਆਂ ਖ਼ਿਲਾਫ਼ ਐਸ.ਸੀ. ਐਸ.ਟੀ. ਐਕਟ ਤਹਿਤ ਤੁਰੰਤ ਪੁਲਿਸ ਮੁਕੱਦਮਾ ਦਰਜ ਕਰਕੇ ਸਖ਼ਤ ਕਾਨੂੰਨੀ ਕਾਰਵਾਈ ਕੀਤੀ ਜਾਵੇ। ਉਨ੍ਹਾਂ ਸਰਕਾਰ ਤੋਂ ਮੰਗ ਕੀਤੀ ਕਿ ਸਫ਼ਾਈ ਕਰਮਚਾਰੀਆਂ ਦੇ ਨੁਮਾਇੰਦਿਆਂ ਨਾਲ ਤੁਰੰਤ ਮੇਜ਼ ਤੇ ਬੈਠ ਕੇ ਗੱਲਬਾਤ ਕੀਤੀ ਜਾਵੇ ਅਤੇ ਉਨ੍ਹਾਂ ਦੀਆਂ ਜਾਇਜ਼ ਮੰਗਾਂ ਦਾ ਜਲਦ ਸਮਾਂਬੱਧ ਹੱਲ ਕੱਢਿਆ ਜਾਵੇ। ਗੱਲਬਾਤ ਕਰਦਿਆਂ ਗੁਰਚਰਨ ਸਿੰਘ ਨਾਹਰ ਨੇ ਸਪੱਸ਼ਟ ਕੀਤਾ ਕਿ ਇਹ ਘਟਨਾ ਕੇਵਲ ਸਫ਼ਾਈ ਕਰਮਚਾਰੀਆਂ ਦਾ ਹੀ ਨਹੀਂ, ਸਗੋਂ ਪੂਰੇ ਸਮਾਜ ਦਾ ਅਪਮਾਨ ਹੈ। ਜੇਕਰ ਸਰਕਾਰ ਨੇ ਜਲਦ ਦੋਸ਼ੀਆਂ ਖ਼ਿਲਾਫ਼ ਕਾਰਵਾਈ ਨਾ ਕੀਤੀ ਅਤੇ ਕਰਮਚਾਰੀਆਂ ਦੀਆਂ ਮੰਗਾਂ ਨਾ ਮੰਨੀਆਂ ਤਾਂ ਐਸ.ਸੀ. ਵਿੰਗ ਵੱਲੋਂ ਪੰਜਾਬ ਭਰ ਵਿੱਚ ਵੱਖ—ਵੱਖ ਥਾਵਾਂ ਤੇ ਸਰਕਾਰ ਦੇ ਪੁਤਲੇ ਫੂਕੇ ਜਾਣਗੇ ਅਤੇ ਤਿੱਖੇ ਰੋਸ ਧਰਨੇ ਦਿੱਤੇ ਜਾਣਗੇ।

ਆਵਾਜ਼ਿ ਕੌਮ AWAZE QAUM International Newspaper & WEB TV

# ਗੁਰਦੁਆਰਾ ਠਾਠ ਨਾਨਕਸਰ ਛਾਂਗਾ ਖੁਰਦ ਵਿਖੇ 30 ਜੁਲਾਈ ਤੋਂ ਸ਼ੁਰੂ ਹੋਣਗੇ ਤੁਕ ਤੁਕ ਵਾਲੇ ਮਹਾ ਸੰਪਟ ਪਾਠ—17 ਅਗਸਤ ਨੂੰ ਪੈਣਗੇ ਭੋਗ




ਫ਼ਿਰੋਜ਼ਪੁਰ, 26 ਜੁਲਾਈ (ਮਨੋਹਰ ਲਾਲ) :— ਗੁਰਦੁਆਰਾ ਠਾਠ ਨਾਨਕਸਰ ਛਾਂਗਾ ਖੁਰਦ ਵਿਖੇ 30 ਜੁਲਾਈ ਤੋਂ ਤੁਕ ਤੁਕ ਵਾਲੇ ਮਹਾ ਸੰਪਟ ਪਾਠ ਸ਼ੁਰੂ ਕੀਤੇ ਜਾ ਰਹੇ ਹਨ। ਇਸ ਸਬੰਧੀ ਜਾਣਕਾਰੀ ਦਿੰਦਿਆਂ ਗੁਰਦੁਆਰਾ ਨਾਨਕਸਰ ਛਾਂਗਾ ਖੁਰਦ ਦੇ ਮੁੱਖ ਸੇਵਾਦਾਰ ਸ਼੍ਰੀਮਾਨ ਸੰਤ ਬਾਬਾ ਸੁੱਚਾ ਸਿੰਘ ਨੇ ਗੱਲਬਾਤ ਕਰਦਿਆਂ ਦੱਸਿਆ ਕਿ ਇਹ ਪਵਿੱਤਰ ਮਹਾ ਸੰਪਟ ਪਾਠ 30 ਜੁਲਾਈ ਤੋਂ ਆਰੰਭ ਹੋਣਗੇ, ਜਿਸ ਵਿੱਚ ਉਹ ਆਪ ਵੀ ਪਾਠੀ ਸਿੰਘਾਂ ਨਾਲ ਬੈਠ ਕੇ ਮਹਾ ਸੰਪਟ ਪਾਠ ਕਰਨਗੇ। ਸੰਤ ਬਾਬਾ ਸੁੱਚਾ ਸਿੰਘ ਨੇ ਅੱਗੇ ਕਿਹਾ ਕਿ ਇਹ ਮਹਾ ਸੰਪਟ ਸਾਹਿਬ ਜੀ ਦੇ ਪਾਠ ਸਮੂਹ ਜਗਤ ਅਤੇ ਸਰਬੱਤ ਦੇ ਭਲੇ ਲਈ ਕਰਵਾਏ ਜਾ ਰਹੇ ਹਨ। ਇਹ ਪਾਠ 30 ਜੁਲਾਈ ਤੋਂ ਸ਼ੁਰੂ ਹੋ ਕੇ 17 ਅਗਸਤ (ਸੰਗਰਾਂਦ ਵਾਲੇ ਦਿਨ) ਤੱਕ ਨਿਰੰਤਰ ਚੱਲਣਗੇ ਅਤੇ ਸੰਗਰਾਂਦ ਵਾਲੇ ਦਿਨ ਸੰਤ ਬਾਬਾ ਸੁੱਚਾ ਸਿੰਘ ਅਤੇ ਪਾਠੀ ਸਿੰਘ ਗੁਫ਼ਾ ਤੋਂ ਬਾਹਰ ਆਉਣਗੇ ਅਤੇ ਉਸੇ ਦਿਨ ਸਵੇਰੇ ਸ਼੍ਰੀ ਮਹਾ ਸੰਪਟ ਸਾਹਿਬ ਜੀ ਦੇ ਭੋਗ ਪਾਏ ਜਾਣਗੇ। ਇਸ ਸਮਾਗਮ ਨੂੰ ਸੁਚਾਰੂ ਢੰਗ ਨਾਲ ਨੇਪਰੇ ਚਾੜ੍ਹਨ ਲਈ ਸ਼੍ਰੀਮਾਨ ਸੰਤ ਬਾਬਾ ਸੁੱਚਾ ਸਿੰਘ ਵੱਲੋਂ ਸਿੰਘਾਂ ਦੀਆਂ ਅਲੱਗ—ਅਲੱਗ ਡਿਊਟੀਆਂ ਲਗਾ ਦਿੱਤੀਆਂ ਗਈਆਂ ਹਨ ਅਤੇ ਸੁਰੱਖਿਆ ਅਤੇ ਮਰਿਆਦਾ ਨੂੰ ਮੁੱਖ ਰੱਖਦਿਆਂ ਪਹਿਰੇਦਾਰ ਲਗਾਤਾਰ ਮੁੱਖ ਗੇਟ ਤੇ ਪਹਿਰਾ ਦੇਣਗੇ। ਇਸ ਤੋਂ ਇਲਾਵਾ ਪਾਠੀ ਸਿੰਘਾਂ ਅਤੇ ਆਈਆਂ ਸੰਗਤਾਂ ਲਈ ਲੰਗਰਾਂ ਦੀਆਂ ਸੇਵਾਵਾਂ ਲਈ ਵੀ ਸੰਗਤਾਂ ਦੀਆਂ ਡਿਊਟੀਆਂ ਲਗਾਈਆਂ ਗਈਆਂ ਹਨ। ਉਨ੍ਹਾਂ ਦੱਸਿਆ ਕਿ ਗੁਰਦੁਆਰਾ ਠਾਠ ਨਾਨਕਸਰ ਦੀ ਮਰਿਆਦਾ ਅਨੁਸਾਰ ਅੰਦਰ ਗੁਰਦੁਆਰਾ ਸਾਹਿਬ ਵਿਖੇ ਲੰਗਰ ਨਹੀਂ ਪਕਾਇਆ ਜਾਂਦਾ, ਸਗੋਂ ਪ੍ਰਸ਼ਾਦਾ ਬਾਹਰੋਂ ਤਿਆਰ ਹੋ ਕੇ ਪੱਕ ਕੇ ਆਉਂਦਾ ਹੈ। ਸਮਾਗਮ ਦੌਰਾਨ ਸੰਤ ਬਾਬਾ ਸੁੱਚਾ ਸਿੰਘ ਸਮੇਤ ਸਾਰੇ ਪਾਠੀ ਸਿੰਘ ਭੌਰਾ ਸਾਹਿਬ ਦੇ ਅੰਦਰ ਹੀ ਰਹਿਣਗੇ ਅਤੇ ਸੰਗਰਾਂਦ ਵਾਲੇ ਦਿਨ ਤੱਕ ਬਾਹਰ ਨਹੀਂ ਆਉਣਗੇ। ਸ਼੍ਰੀਮਾਨ ਸੰਤ ਬਾਬਾ ਸੁੱਚਾ ਸਿੰਘ ਨੇ ਸਮੂਹ ਸਾਧ ਸੰਗਤ ਨੂੰ ਨਿਮਰਤਾ ਸਹਿਤ ਬੇਨਤੀ ਕੀਤੀ ਕਿ ਉਹ 30 ਜੁਲਾਈ ਨੂੰ ਸਵੇਰੇ 8 ਵਜੇ ਗੁਰਦੁਆਰਾ ਸਾਹਿਬ ਵਿਖੇ ਪਹੁੰਚ ਕੇ ਗੁਰੂ ਘਰ ਦੀਆਂ ਖੁਸ਼ੀਆਂ ਅਤੇ ਆਸ਼ੀਰਵਾਦ ਪ੍ਰਾਪਤ ਕਰਨ।

ਆਵਾਜ਼ਿ ਕੌਮ AWAZE QAUM International Newspaper & WEB TV

# ਕਾਰਗਿਲ ਦੇ ਸ਼ਹੀਦਾਂ ਨੂੰ ਯਾਦ ਕਰਦਿਆਂ ਦਿੱਤੀਆਂ ਭਾਵਭਿੰਨੀਆਂ ਸ਼ਰਧਾਂਜਲੀਆਂ




ਫ਼ਿਰੋਜ਼ਪੁਰ, 26 ਜੁਲਾਈ (ਮਨੋਹਰ ਲਾਲ) :— ਫਿਰੋਜ਼ਪੁਰ—ਮੋਗਾ ਰੋਡ ਤੇ ਸਥਿਤ ਟੀ.ਬੀ.ਐਸ ਇੰਟਰਨੈਸ਼ਨਲ ਸਕੂਲ ਵਿਚ ਕਾਰਗਿਲ ਯੁੱਧ ਦੇ ਸ਼ਹੀਦਾਂ ਨੂੰ ਸ਼ਰਧਾਂਜਲੀ ਦੇਣ ਲਈ ਕਰਵਾਇਆ ਸਮਾਗਮ। ਇਹ ਸਮਾਗਮ ਚੇਅਰਮੈਨ ਡਾ: ਹੀਰਾਲਾਲ ਸ਼ਰਮਾ, ਵਾਈਸ ਚੇਅਰਮੈਨ ਵਿਭੋਰ ਸ਼ਰਮਾ, ਮੈਨੇਜਿੰਗ ਡਾਇਰੈਕਟਰ ਦੀਪਾਲੀ ਸ਼ਰਮਾ ਅਤੇ ਜਨਰਲ ਸਕੱਤਰ ਸ਼ਿਵਮ ਸ਼ਰਮਾ ਦੀ ਦੇਖ ਰੇਖ ਹੇਠ 26 ਜੁਲਾਈ ਨੂੰ 1999 ਦੇ ਕਾਰਗਿਲ ਯੁੱਧ ਦੌਰਾਨ ਸਾਡੇ ਦੇਸ਼ ਲਈ ਆਪਣੀਆਂ ਜਾਨਾਂ ਕੁਰਬਾਨ ਕਰਨ ਵਾਲੇ ਬਹਾਦਰ ਸੈਨਿਕਾਂ ਦਾ ਸਨਮਾਨ ਕਰਨ ਲਈ ਕਾਰਗਿਲ ਵਿਜੇ ਦਿਵਸ ਮਨਾਇਆ। ਇਸ ਸਮਾਗਮ ਦੀ ਸ਼ੁਰੂਆਤ ਸ਼ਹੀਦਾਂ ਨੂੰ ਪ੍ਰਾਰਥਨਾ ਅਤੇ ਸ਼ਰਧਾਂਜਲੀ ਨਾਲ ਹੋਈ, ਜਿਸ ਵਿਚ ਵਿਦਿਆਰਥੀਆਂ ਨੇ ਬਹੁਤ ਸਤਿਕਾਰ ਅਤੇ ਦੇਸ਼ ਭਗਤੀ ਨਾਲ ਹਿੱਸਾ ਲਿਆ। ਉਨ੍ਹਾਂ ਕਾਰਗਿਲ ਯੁੱਧ ਤੇ ਪ੍ਰੇਰਨਾਦਾਇਕ ਭਾਸ਼ਣ ਦਿੱਤੇ ਅਤੇ ਦੇਸ਼ ਭਗਤੀ ਦੇ ਭਾਵਪੂਰਨ ਗੀਤ ਗਾਏ ਜੋ ਹਰ ਦਿਲ ਨੂੰ ਛੂਹ ਗਏ। ਵਿਦਿਆਰਥੀਆਂ ਨੇ ਸਾਡੇ ਭਾਰਤੀ ਸੈਨਿਕਾਂ ਦੀ ਹਿੰਮਤ, ਕੁਰਬਾਨੀ ਅਤੇ ਸਮਰਪਣ ਬਾਰੇ ਗੱਲ ਕੀਤੀ। ਉਨ੍ਹਾਂ ਨੇ ਕਾਰਗਿਲ ਯੁੱਧ ਤੋਂ ਬਹਾਦਰੀ ਦੀਆਂ ਕਹਾਣੀਆਂ ਅਤੇ ਸਾਡੀਆਂ ਸਰਹੱਦਾਂ ਦੀ ਰੱਖਿਆ ਦੀ ਮਹੱਤਤਾ ਸਾਂਝੀਆਂ ਕੀਤੀਆਂ। ਪ੍ਰੋਗਰਾਮ ਦਾ ਉਦੇਸ਼ ਨੌਜਵਾਨ ਮਨਾਂ ਵਿੱਚ ਦੇਸ਼ ਭਗਤੀ, ਸ਼ੁਕਰਗੁਜ਼ਾਰੀ ਅਤੇ ਰਾਸ਼ਟਰੀ ਸਵੈਮਾਣ ਪੈਦਾ ਕਰਨਾ ਸੀ।

### ਕੀ ਬਿਨਾਂ-ਨੇਤਾ ਵਾਲੇ

# ਵਿਦਰੋਹਾਂ ਦਾ ਦੌਰ ਸ਼ੁਰੂ ਹੋ ਗਿਆ ਹੈ ?



Verisk Maplecroft ਇੱਕ ਗਲੋਬਲ risk analytics ( ਖਤਰਿਆਂ ਨੂੰ ਭਾਪਣ ਵਾਲੀ ਸਰਵੇ ) ਕੰਪਨੀ ਹੈ ਜੋ 198 ਦੇਸ਼ਾਂ ਬਾਰੇ ਡਾਟਾ ਇਕੱਠਾ ਕਰਦੀ ਹੈ ਅਤੇ ਵੱਖ-ਵੱਖ risk indices ਬਣਾਉਂਦੀ ਹੈ। ਜਿਸ ਵਿੱਚ ਦੁਨਿਆਂ ਦੇ ਪਹਿਲੇ 10 ਖਤਰੇ ਵਾਲੇ ਮੁਲਕਾਂ ਵਿੱਚ ਭਾਰਤ ਦਾ ਨਾਂ ਆਉਦਾ ਹੈ।ਜਿਥੇ Gen Z revolution ਦੇ ਖਤਰੇ ਵੱਧ ਹਨ।ਇਸ ਵਿੱਚ ਅਮਰੀਕਾ ਸਮੇਤ ਜਰਮਨੀ, ਫਰਾਂਸ, ਸਪੇਨ, ਇਟਲੀ, ”™ ਆਦਿ ਦੇਸ਼ ਵੀ



ਆਉਦੇ ਹਨ। ਇਹ ਹਰ ਦੇਸ਼ ਦੀ ਅਸਲ ਸਥਿਤੀ ਨੂੰ ਇਕ ਸਾਲ ਪਹਿਲਾ ਹੀ ਬਹੁਪੱਖੀ ਖਤਰਿਆਂ ਦੇ ਸਰਵੇ (ਇੰਡੇਕਸ) ਬਣਾ ਕੇ ਇੰਨਸ਼ੋਰੰਸ ਕੰਪਨੀਆਂ, ਅੰਤਰਰਾਸ਼ਟਰੀ ਕੰਪਨੀਆਂ ਅਤੇ ਨਿਵੇਸ਼ ਵਾਲੀਆਂ ਕੰਪਨੀਆਂ ਨੂੰ ਸੇਵਾਵਾਂ ਦਿੰਦੀ ਹੈ। ਜੋ ਵੱਡੇ ਕਾਰਪੋਰੇਟ ਨੂੰ ਆਪਣੇ ਕਾਰੋਬਾਰ ਦੇ ਭਵਿੱਖ ਲਈ ਪਹਿਲਾਂ ਹੀ ਫੈਸਲੇ ਲੈਣ ਵਿੱਚ ਮਦਦ ਮਿਲਦੀ ਹੈ। ਤਾਂ ਕਿ ਪਤਾ ਲੱਗ ਸਕੇ ਕਿ ਆਉਣਾ ਵਾਲਾ ਸਮਾਂ ਵਿਉਪਾਰ ਲਈ ਕਿਸ ਕਰਵਟ ਵੱਲ ਮੋੜ ਲੈ ਸਕਦਾ ਹੈ।

ਭਾਰਤ ਵਿੱਚ ਰਾਜਨੀਤਕ ਤਾਕਤ ਨਾਲ ਅਸਲ ਮੁੱਦਿਆਂ ਨੂੰ ਦਬਾਇਆ ਜਾ ਰਿਹਾ। ਪਰ ਸਥਿਤੀ ਗੰਭੀਰਤਾ ਨਾਲ ਲੱਥਪੱਥ ਹੈ। ਇਹੀ ਕਾਰਨ ਹੈ ਕਿ ਭਾਰਤ ਵਿੱਚੋ ਪਿਛਲੇ ਸਾਲਾਂ ਵਿੱਚ ਦੁਨਿਆਂ ਦੀਆਂ ਅੰਤਰਰਾਸ਼ਟਰੀ ਕੰਪਨੀਆਂ ਨੇ ਵੱਡਾ ਨਿਵੇਸ਼ ਭਾਰਤ ਤੋ ਬਾਹਰ ਕੱਢ ਲਿਆ ਹੈ।ਭਾਰਤ ਵਿੱਚ ਬੇਰੁਜਗਾਰੀ, ਭ੍ਰਿਸ਼ਟਾਚਾਰ, ਅਸਮਾਨਤਾ ਦੇ ਕਾਰਨ Gen G revolution ਹੋਣ ਦੀਆਂ ਸੰਭਾਵਨਾਂ ਵੱਧ ਗਈਆਂ ਹਨ।2024 ਵਿੱਚ ਬੰਗਲਾਦੇਸ਼, ਕੀਨੀਆ, ਅਤੇ ਸਰਬੀਆ ਵਿੱਚ ਵੱਡੇ anti-government ਪ੍ਰਦਰਸ਼ਨ ਹੋਏ। 2025 ਇੰਡੋਨੇਸ਼ੀਆ, ਮੈਡਾਗਾਸਕਰ, ਮੈਕਸੀਕੋ, ਮੋਰੱਕੋ, ਨੇਪਾਲ, ਪੇਰੂ, ਫਿਲਿਪੀਨਜ਼, ਅਤੇ ਟਿਮੋਰ-ਲੇਸਟੇ ਸਮੇਤ ਕੁੱਲ 11 ਦੇਸ਼ਾਂ ਵਿੱਚ leaderless uprisings ( ਬਿਨਾਂ-ਨੇਤਾ ਵਾਲੇ ਵਿਦਰੋਹ ) ਨੇ ਸਰਕਾਰਾਂ ਨੂੰ ਹਿਲਾ ਦਿੱਤਾ। ਜਿਥੇ ਜਾਂ ਤਾਂ ਸਰਕਾਰਾਂ ਨੂੰ ਰਾਤੋ ਰਾਤ ਭੱਜਣਾ ਪਿਆ, ਜਾਂ ਸਹਿਮਤੀ ਬਣਾ ਕੇ ਅਸਲ ਮੁੱਦਿਆਂ ਵੱਲ ਮੂੰਹ ਕਰਕੇ ਨਿਜੱਠੇ ਜਾਣ ਲੱਗੇ।

ਇਸ ਦੀ ਸ਼ੁਰੂਆਤ ਸਾਨੂੰ ਫਰਾਂਸ ਵਿੱਚ ਹੋਏ Gilets Jaunes (ਪੀਲੀ ਜੈਕਟ) ਪ੍ਰਦਰਸ਼ਨਾਂ ਨੂੰ ਮੰਨਣਾ ਪਵੇਗਾ। 17 ਨਵੰਬਰ 2018 ਨੂੰ ਜਦੋਂ ਪਹਿਲੀ ਵਾਰ ਦੇਸ਼ ਭਰ ਵਿੱਚ 2,000 ਤੋਂ ਵੱਧ ਥਾਵਾਂ ’ਤੇ ਲੋਕ ਸੜਕਾਂ, roundabouts, ਅਤੇ toll booths ’ਤੇ ਇਕੱਠੇ ਹੋਏ। ਇਹ ਲਹਿਰ ਕਈ ਮਹੀਨੇ 2018 , 2019 ਵਿੱਚ ਅਤੇ ਕੁਝ ਹੱਦ ਤੱਕ 2020 ਤੱਕ ਹਰ ਸ਼ਨੀਵਾਰ ਨੂੰ ਜਾਰੀ ਰਹੀ। ਫਰਾਂਸ ਰਾਸ਼ਟਰਪਤੀ Emmanuel Macron ਦੀ ਸਰਕਾਰ ਨੇ diesel ਅਤੇ petrol ’ਤੇ ਵਾਤਾਵਰਣ (carbon) ਟੈਕਸ ਵਧਾਉਣ ਦਾ ਐਲਾਨ ਕੀਤਾ ਸੀ।ਫਰਾਂਸ ਵਿੱਚ ਹਰ ਵਹੀਕਲ ਵਿੱਚ ਕਾਨੂੰਨੀ ਤੌਰ ’ਤੇ ਇੱਕ ਪੀਲੀ safety vest (high-visibility jacket) ਰੱਖਣੀ ਲਾਜ਼ਮੀ ਹੈ emergency ਵੇਲੇ ਪਾਉਣ ਲਈ ਹੁੰਦੀ ਹੈ ਪਰ ਪ੍ਰਦਰਸ਼ਨਕਾਰੀਆਂ ਨੇ ਇਹੀ ਵੈਸਟ ਪ੍ਰਤੀਕ ਵਜੋਂ ਪਾਈ, ਜੋ ਹਰ ਆਮ ਫਰਾਂਸੀਸੀ ਦੀ ਪਹੁੰਚ ਵਿੱਚ ਸੀ। ਇਵੇ ਹੀ ਸੀ ਜਿਵੇ ਕੋਕਰੋਜ ਜਨਤਾ ਪਾਰਟੀ ਦੇ ਜੰਤਰ ਮੰਤਰ ਤੇ ਪਹਿਲੇ ਪ੍ਰਦਰਸ਼ਨ ਵਿੱਚ ਲੋਕਾਂ ਨੇ ਆਪਣੇ ਮੂੰਹ ਤੇ ਕੋਕਰੋਜ ਦੇ ਮਾਸਕ ਪਾ ਕੇ ਪ੍ਰਦਰਸ਼ਨ ਕੀਤਾ ਸੀ।

ਭਾਰਤ ਵਿੱਚ ਨੀਟ ਦੀਆਂ ਪੀਖਿਆਵਾਂ ਦੇ ਪੇਪਰ ਲੀਕ ਹੋਣ ਤੇ ਲੱਖਾਂ ਲੋਕਾਂ ਦੀਆਂ ਭਵਿੱਖੀ ਆਸਾਂ ਨੂੰ ਵੱਡੀ ਸੱਟ ਵੱਜੀ ਹੈ।ਮਾਪਿਆਂ ਦੀ ਕਰਜ਼ਿਆਂ ਨਾਲ ਬੱਚਿਆਂ ਦੀ ਪੜਾਈ ਕਰਕੇ ਨਿਕਲੀ ਮਿੱਜ਼ ਨੂੰ ਵੇਖ ਅਨੇਕਾਂ ਵਿਦਿਆਰਥੀਆਂ ਨੇ ਖੁਦਕਸ਼ੀਆਂ ਕੀਤੀਆਂ ਹਨ। ਵਿਗਿਆਰਥੀਆਂ ਦੇ ਭਵਿੱਖ ਲਈ ਕੋਈ ਯੋਗ ਉਦਮ ਨਹੀ ਕੀਤੀ ਗਏ। ਇਥੇ ਸ਼ਾਜਿਸ ਕਰਤਾ ਲੋਕਾਂ ਨਾਲ ਸਰਕਾਰਾਂ ਦੀ ਮਿਲੀ ਭੁਗਤ ਸਾਹਮਣੇ ਵਿਖਾਈ ਦਿੰਦੀ ਹੈ। ਪਿਛਲੇ ਸਾਲਾਂ ਤੋ ਲਗਾਤਾਰ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ ਸਵਿਧਾਨਿਕ ਕਾਨੂੰਨ ਹੁੰਦੇ ਹੋਏ ਦੋਸ਼ੀਆਂ ਉਪਰ ਕਾਰਵਾਈਆਂ ਬਿਲਕੁਲ ਨਾਂਹ ਬਰਾਬਰ ਹਨ। ਸਗੋ ਜੁਆਬ ਦੇਹੀ ਲਈ ਸਬੰਧਿਤ ਮੰਤਰੀਆਂ ਨੂੰ ਦੋਸ਼ ਮੁਕਤ ਕਰਕੇ ਉਹਨਾਂ ਦੇ ਅਹੁਦੇ ਬਰਕਾਰਾਰ ਰੱਖੇ ਹੋਏ ਹਨ।

Cockroach Janta Party (CJP) ਅਮਰੀਕਾ ਵਿਖੇ ਰਹਿੰਦੇ ਭਾਰਤੀ ਵਿਦਿਆਰਥੀ Abhijeet Dipke ਨੇ ਬਣਾਈ ਹੈ। ਜਿਸ ਦੀ ਬੁਨਿਆਦ ਭਾਰਤ ਦੀ ਸੁਪਰੀਮ ਕੋਰਟ ਦੇ Chief Justice Surya Kant ਦੇ ਉਸ ਬਿਆਨ ਜਿਸ ਵਿੱਚ ਉਹਨਾਂ ਨੇ ਬੇਰੁਜ਼ਗਾਰ ਨੌਜਵਾਨਾਂ/ਕਾਰਕੁਨਾਂ ਦੀ ਤੁਲਨਾ cockroaches ਨਾਲ ਕੀਤੀ ਗਈ ਸੀ।

ਸ਼ੋਸਲ ਮੀਡੀਏ ਦੀ ਵਰਤੋ ਕਰਕੇ ਕੋਕਰੋਜ ਜਨਤਾ ਪਾਰਟੀ ਬਣਾਈ ਗਈ ਹੈ ਭਾਵੇ ਕਿ ਇਸ ਦੇ ਪਿਛੇ ਲੁਕੇ ਭੇਤਾਂ ਦੀ ਅਜ਼ੇ ਕੋਈ ਉਘ ਸੁੱਘ ਨਹੀ।ਇਸ ਨੇ ਭਾਰਤ ਦੀ ਰਾਜਧਾਨੀ ਦਿੱਲੀ ਵਿਖੇ ਜੰਤਰ ਮੰਤਰ ਤੇ ਇਕ ਲੰਮਾਂ ਸ਼ੰਘਰਸ਼ ਸੁਰੂ ਕੀਤਾ ਹੈ।ਜਿਸ ਦੀ ਪ੍ਰਮੁੱਖ ਮੰਗ ਕੇਂਦਰ ਵਿੱਚ ਮੋਦੀ ਸਰਕਾਰ ਦੇ ਸਬੰਧਿਤ ਸਿੱਖਿਆ ਮੰਤਰੀ ਨੂੰ ਆਹੁਦੇ ਤੋ ਹਟਾਉਣਾ। ਖੁਦਕਸ਼ੀਆਂ ਕਰ ਗਏ ਵਿਦਿਆਰਥੀਆਂ ਲਈ ਢੁੱਕਵਾਂ ਮੁਆਵਜ਼ਾ ਦੇਣਾ, ਪ੍ਰੀਖਿਆ ਪ੍ਰਣਾਲੀ ਵਿੱਚ ਵਿਆਪਕ ਸੁਧਾਰ ਕਰਨਾ ਸ਼ਾਮਲ ਹੈ।20 ਜੁਲਾਈ ਨੂੰ ਪੁਲਿਸ ਵੱਲੋ ਧਰਨੇ ਵਿੱਚ ਤਸ਼ਦੱਤ ਕਰਨ ਅਤੇ ਧਰਨਾਕਾਰੀਆਂ ਤੇ ਦਰਜ਼ ਕੀਤੇ ਕੇਸਾਂ ਨੂੰ ਖਤਮ ਕਰਨਾ। ਇਕ ਅਸਰਦਾਰ ਕਾਨੂੰਨ ਦੀ ਜਰੂਰੀ ਮੰਗ ਨੂੰ ਪੂਰਾ ਕਰਨਾ ਹੈ।ਅੱਜ 25 ਜੁਲਾਈ ਨੂੰ ਭਾਰਤੀ ਸਿੱਖਿਆ ਮੰਤਰੀ ਧਰਮਿੰਦਰ ਪ੍ਰਧਾਨ ਦਾ ਅਸਤੀਫਾ ਹੋ ਗਿਆ ਹੈ।Gen G ਦੇ ਭੈਅ ਵਿੱਚ ਆਈ ਸਰਕਾਰ ਹੋਰ ਵੀ ਸਾਰੀਆਂ ਮੰਗਾਂ ਮੰਨ ਸਕਦੀ ਹੈ।

ਹੁਣ ਆਉਣ ਵੇਲੇ ਸਮੇ ਵਿੱਚ ਭਾਰਤ ਦੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੇ ਅਸਤੀਫੇ ਲੈਣ ਵੱਲ ਵੱਧਣ ਦੇ ਅਸਾਰ ਪੈਦਾ ਹੋ ਗਏ ਹਨ। ਵਿਰੋਧੀ ਧਿਰ ਦਾ ਰੋਲ ਦੁਨਿਆਂ ਨੂੰ ਇਹ ਦੱਸਣ ਵਿੱਚ ਕਾਮਯਾਬ ਹੋਇਆ ਹੈ ਕਿ ਨਰਿੰਦਰ ਮੋਦੀ ਦੀ ਨਫਰਤੀ ਰਾਜਨੀਤੀ ਨੇ ਭਾਰਤ ਦੀ ਸਥਿਤੀ ਨੂੰ ਕਮਜੋਰ ਕੀਤਾ ਹੈ।ਰਾਹੁਲ ਗਾਂਧੀ ਦੀ ਭਵਿਖਬਾਣੀ ਹੈ ਕਿ ਨਰਿੰਦਰ ਮੋਦੀ ਆਪਣੀ ਪ੍ਰਧਾਨ ਮੰਤਰੀ ਦੀ ਪਦਵੀ ਛੱਡ ਕੇ ਭੱਜੇਗਾ ! ਪਿਛਲੇ 12 ਸਾਲਾਂ ਦੀ ਰਾਜਨੀਤੀ ਵਿੱਚ ਮੋਦੀ ਸਰਕਾਰ ਦੀ ਦਿੱਲੀ ਦੇ ਕਿਸਾਨ ਧਰਨੇ ਤੋ ਬਾਆਦ ਇਹ ਦੂਜੀ ਵੱਡੀ ਹਾਰ ਹੈ। ਜੋ ਭਾਰਤ ਜਨਤਾ ਪਾਰਟੀ ਲਈ ਖਤਰੇ ਦਾ ਮੁੱਢ ਬਣ ਸਕਦੀ ਹੈ।

ਇਹ ਦੁਨਿਆਂ ਵਿੱਚ ਨਵੀ ਤਵੱਕੋ ਦੀ ਸਿਆਸਤ ਵਿੱਚ ਸਰਕਾਰਾਂ ਦੀ ਜੁਆਬਦੇਹੀ ਨੂੰ ਨੌਜਵਾਨ ਪੀੜ੍ਹੀ ਨੇ Gen Z revolution ਨਾਲ ਪੁਖਤਾ ਕੀਤਾ ਹੈ। ਸਰਕਾਰਾਂ ਦੀ ਬਹੁਮਤ ਦੇ ਅੰਕੜੇ ਵੀ ਬੇ-ਮਾਇਨਾ ਹਨ। ਅਗਰ ਦੇਸ਼ ਅਤੇ ਲੋਕਾਂ ਦੇ ਭਵਿੱਖ ਲਈ ਸਹੀ ਫੈਸਲੇ ਅਤੇ ਯੋਜਨਾਵਾਂ ਨਹੀ ਬਨਣਗੀਆਂ।

ਸਵਾਲ ਹੈ ਕਿ ਬਿਨਾਂ-ਨੇਤਾ ਵਾਲੇ ਵਿਦਰੋਹਾਂ ਦਾ ਦੌਰ ਸ਼ੁਰੂ ਹੋ ਗਿਆ ਹੈ ? CSIS (Center for Strategic and International Studies) ਇੱਕ ਅਮਰੀਕੀ think tank (ਖੋਜ ਸੰਸਥਾ) ਹੈ ਦੇ ਵਿਸ਼ਲੇਸ਼ਕ ਇਸ ਨੂੰ “Age of Leaderless Revolution” ਕਹਿੰਦੇ ਹਨ — ਲੇਬਨਾਨ ਅਤੇ ਇਰਾਕ ਦੇ ਪ੍ਰਧਾਨ ਮੰਤਰੀਆਂ ਦੇ ਅਸਤੀਫ਼ੇ ਤੋਂ ਲੈ ਕੇ ਚਿਲੀ, ਹਾਂਗਕਾਂਗ, ਸਪੇਨ, ਬੋਲੀਵੀਆ, ਇਕਵਾਡੋਰ ਤੱਕ ਇਹ ਦੱਸਦੇ ਹਨ ਕਿ ਦੁਨੀਆ “global political awakening” ਦੇ ਦੌਰ ਵਿੱਚ ਹੈ।ਸੋ Gen Z revolution ਇਹਨਾਂ ਲਹਿਰਾਂ ਦੇ ਇੰਜਣ ਬਣ ਰਹੇ ਹਨ, ਅਤੇ ਸੋਸ਼ਲ ਮੀਡੀਆ ਇਹਨਾਂ ਨੂੰ ਤੇਜ਼ ਕਰ ਰਿਹਾ ਹੈ। ਇਹ ਵਰਤਾਰਾ ਵੀ ਦੋ-ਧਾਰੀ ਤਲਵਾਰਾਂ ਵਾਂਗ ਹੈ। ਹਾਲਾਂਕਿ ਕੋਈ ਇੱਕ ਬੰਦਾ “ਵਿਕ” ਨਹੀਂ ਸਕਦਾ ਪਰ ਜਿੱਥੇ ਹਰ ਕੋਈ ਜ਼ਿੰਮੇਵਾਰ ਹੁੰਦਾ ਹੈ ਜਾਂ ਹਜੂਮ ਦੀ ਸ਼ਕਲ ਹੁੰਦੀ ਹੈ। ਉੱਥੇ ਅਸਲ ਵਿੱਚ ਕੋਈ ਵੀ ਲੰਬੀ-ਮਿਆਦ ਦੀ ਰਣਨੀਤੀ ਬਣਾਉਣ ਦੀ ਸਥਿਤੀ ਵਿੱਚ ਨਹੀਂ ਹੁੰਦਾ। ਡਰ , ਦੰਗੇ ਫਸਾਦਾਂ ਦਾ ਖਤਰਾ ਵੀ ਵੱਡਾ ਅਤੇ ਲੰਮੇ ਮਾੜੇ ਅਸਰ ਦੇਣ ਵਾਲਾ ਹੋ ਸਕਦਾ ਹੈ। ਸੋ ਦੁਨਿਆਂ ਨੇ ਇਕ ਨਵੇ ਨਿਵੇਕਲੇ ਅੰਦੋਲਨ ਦੌਰ ਵਿੱਚ ਪਰਵੇਸ਼ ਲਿਆ ਹੈ। ਬਹੁਤ ਚੰਗੀਆਂ ਸੰਭਾਵਨਾਵਾਂ ਲਈ ਆਸਵੰਦ ਰਹਿਣਾ ਚਾਹਿਦਾ ਹੈ। **-ਸ. ਦਲਵਿੰਦਰ ਸਿੰਘ ਘੁੰਮਣ ਪੈਰਿਸ**

**dalsinghghuman'gmail.com**

## ਗੁਰਦੁਆਰਾ ਗੁਰੂ ਅਰਜਨ ਦੇਵ ਸਾਹਿਬ ਜੀ ਬਠਿੰਡਾ ਵਿਖੇ ਸ਼ਰਧਾ ਭਾਵਨਾ ਨਾਲ ਕਰਵਾਇਆ ਗਿਆ ਗੁਰਮਤਿ ਸਮਾਗਮ





ਫ਼ਿਰੋਜ਼ਪੁਰ, 26 ਜੁਲਾਈ (ਮਨੋਹਰ ਲਾਲ) :— ਗੁਰਦੁਆਰਾ ਗੁਰੂ ਅਰਜਨ ਦੇਵ ਸਾਹਿਬ ਜੀ (ਬਠਿੰਡਾ) ਵਿਖੇ ਧਾਰਮਿਕ ਸ਼ਰਧਾ ਅਤੇ ਉਤਸ਼ਾਹ ਨਾਲ ਵਿਸ਼ੇਸ਼ ਗੁਰਮਤਿ ਸਮਾਗਮ ਦਾ ਆਯੋਜਨ ਕੀਤਾ ਗਿਆ। ਇਸ ਧਾਰਮਿਕ ਸਮਾਗਮ ਵਿੱਚ ਵੱਡੀ ਗਿਣਤੀ ਚ ਗੁਰੂ ਨਾਨਕ ਨਾਮ ਲੇਵਾ ਸੰਗਤਾਂ ਨੇ ਦੂਰ ਨੇੜਿਓਂ ਪਹੁੰਚ ਕੇ ਹਾਜ਼ਰੀ ਭਰੀ ਅਤੇ ਗੁਰਬਾਣੀ ਦਾ ਆਨੰਦ ਮਾਣਿਆ। ਇਸ ਮੌਕੇ ਦਮਦਮੀ ਟਕਸਾਲ ਵੱਲੋਂ ਵਿਸ਼ੇਸ਼ ਤੌਰ ਤੇ ਪਹੁੰਚੇ ਜਥੇਦਾਰ ਸੁਖਦੇਵ ਸਿੰਘ (ਸ੍ਰੀ ਅਨੰਦਪੁਰ ਸਾਹਿਬ ਜੀ ਮੁਖ ਬੁਲਾਰੇ ਦਮਦਮੀ ਟਕਸਾਲ) ਨੇ ਆਪਣੇ ਗੁਰਮਤਿ ਵਿਚਾਰਾਂ ਰਾਹੀਂ ਸੰਗਤਾਂ ਨਾਲ ਸਾਂਝ ਪਾਈ।ਉਨ੍ਹਾਂ ਸੰਗਤਾਂ ਨੂੰ ਪਵਿੱਤਰ ਗੁਰਬਾਣੀ ਦੇ ਦਰਸਾਏ ਮਾਰਗ ਤੇ ਚੱਲਦਿਆਂ ਆਪਣਾ ਜੀਵਨ ਬਤੀਤ ਕਰਨ ਦੀ ਪ੍ਰੇਰਨਾ ਦਿੱਤੀ। ਜਥੇਦਾਰ ਸੁਖਦੇਵ ਸਿੰਘ ਨੇ ਅੰਮ੍ਰਿਤ ਵੇਲੇ ਦੀ ਦਾਤ ਸੰਭਾਲਣ, ਬਾਣੀ ਅਤੇ ਬਾਣੇ ਨਾਲ ਜੁੜਨ ਸਮੇਤ ਗੁਰੂ ਸਾਹਿਬਾਨ ਦੀਆਂ ਮਹਾਨ ਸਿੱਖਿਆਵਾਂ ਨੂੰ ਆਪਣੇ ਵਿਵਹਾਰਿਕ ਜੀਵਨ ਵਿੱਚ ਅਪਣਾਉਣ ਤੇ ਵਿਸ਼ੇਸ਼ ਜ਼ੋਰ ਦਿੱਤਾ। ਉਨ੍ਹਾਂ ਦਾ ਪ੍ਰੇਰਨਾਦਾਇਕ ਸੰਦੇਸ਼ ਸੰਗਤਾਂ ਦੇ ਮਨਾਂ ਵਿੱਚ ਗੁਰਮਤਿ ਪ੍ਰਤੀ ਸ਼ਰਧਾ ਹੋਰ ਦ੍ਰਿੜ੍ਹ ਕਰਨ ਵਾਲਾ ਸੀ। ਸਮਾਗਮ ਨੂੰ ਸਫਲ ਬਣਾਉਣ ਵਿੱਚ ਗੁਰਦੁਆਰਾ ਸਾਹਿਬ ਦੀ ਪ੍ਰਬੰਧਕ ਕਮੇਟੀ, ਬਾਬਾ ਹਜ਼ੂਰਾ ਸਿੰਘ ਅਤੇ ਜਥੇਦਾਰ ਆਤਮਾ ਸਿੰਘ ਚਹਿਲ (ਪ੍ਰਧਾਨ ਮਾਲਵਾ ਜ਼ੋਨ ਦਮਦਮੀ ਟਕਸਾਲ ਸੇਵਕ ਜਥਾ) ਦਾ ਵਿਸ਼ੇਸ਼ ਯੋਗਦਾਨ ਰਿਹਾ। ਧਾਰਮਿਕ ਸਮਾਗਮ ਦੀ ਸਮਾਪਤੀ ਤੇ ਪ੍ਰਬੰਧਕਾਂ ਅਤੇ ਸੰਗਤਾਂ ਵੱਲੋਂ ਮੁੱਖ ਬੁਲਾਰੇ ਜਥੇਦਾਰ ਭਾਈ ਸੁਖਦੇਵ ਸਿੰਘ (ਦਮਦਮੀ ਟਕਸਾਲ) ਨੂੰ ਗੁਰੂ ਘਰ ਦੀ ਬਖਸ਼ਿਸ਼ ਸਿਰੋਪਾਓ ਦੇ ਕੇ ਵਿਸ਼ੇਸ਼ ਤੌਰ ਤੇ ਸਨਮਾਨਿਤ ਕੀਤਾ ਗਿਆ। ਇਹ ਸਮਾਗਮ ਸੰਗਤਾਂ ਦੇ ਮਨਾਂ ਵਿੱਚ ਧਾਰਮਿਕ ਉਤਸ਼ਾਹ ਅਤੇ ਗੁਰਮਤਿ ਪ੍ਰੇਰਨਾ ਦਾ ਸੁਨੇਹਾ ਛੱਡਦਿਆਂ ਅਲੌਕਿਕ ਯਾਦਾਂ ਨਾਲ ਸੰਪੰਨ ਹੋਇਆ।

## ਪੇਪਰ ਲੀਕ ਹੋ ਜਾਣਾ ਇਕ ਖ਼ਤਰਨਾਕ ਗੋਰਖਧੰਦਾ, ਬੀਜੇਪੀ ਵਿਦਿਆਰਥੀਆਂ ਦੇ ਅੰਦੋਲਨ ਅੱਗੇ ਝੁਕੀ, ਸਿਖਿਆ ਮੰਤਰੀ ਪ੍ਰਧਾਨ ਨੇ ਦਿੱਤਾ ਅਸਤੀਫਾ—ਚੰਦਨਪ੍ਰੀਤ ਕੌਰ ਅਲਕਾ

**ਫ਼ਿਰੋਜ਼ਪੁਰ, 26 ਜੁਲਾਈ (ਮਨੋਹਰ ਲਾਲ)** :— ਅਧਿਕਾਰ ਸੰਘਰਸ਼ ਪਾਰਟੀ ਦੀ ਸੀਨੀਅਰ ਲੀਡਰ ਅਤੇ ਵਿਧਾਨ ਸਭਾ ਹਲਕਾ ਜ਼ੀਰਾ ਦੀ ਇੰਚਾਰਜ ਮਿਸ ਚੰਦਨਪ੍ਰੀਤ ਕੌਰ ਅਲਕਾ ਨੇ ਗੱਲਬਾਤ ਕਰਦਿਆਂ ਕਿਹਾ ਕਿ ਦੇਸ਼ ਦੀ ਪ੍ਰੀਖਿਆ ਪ੍ਰਣਾਲੀ ਗੰਧਲੀ ਅਤੇ ਬੁਰੀ ਤਰਾਂ ਭ੍ਰਿਸ਼ਟ ਬਣ ਚੁੱਕੀ ਹੈ। ਮਿਸ ਚੰਦਨਪ੍ਰੀਤ ਅਲਕਾ ਨੇ ਕਿਹਾ ਕਿ ਦੇਸ਼ ਦੀ ਪ੍ਰੀਖਿਆ ਪ੍ਰਣਾਲੀ ਵਿੱਚ ਬੁਰਾਈ ਵੱਡੇ ਪੱਧਰ ਜੜਾਂ ਫ਼ੈਲਾਈ ਬੈਠੀ ਹੈ ਜੋ ਕਿ ਦੇਸ਼ ਅਤੇ ਵਿਦਿਆਰਥੀਆਂ ਲਈ ਅਤੀ ਘਾਤਕ ਹੈ। ਉਨ੍ਹਾਂ ਕਿਹਾ ਕਿ ਦੇਸ਼ ਵਿੱਚ ਵੱਡੇ ਇਮਤਿਹਾਨਾਂ ਦੀਆਂ ਪ੍ਰੀਖਿਆਵਾਂ ਵਿੱਚ ਸੈਂਕੜੇ ਵਾਰ ਪੇਪਰ ਲੀਕ ਹੋਣ ਦੀਆਂ ਖਬਰਾਂ ਪ੍ਰਕਾਸ਼ਿਤ ਹੋ ਚੁੱਕੀਆਂ ਹਨ, ਇਹ ਬੁਰਾਈ ਖਤਮ ਹੋਣ ਦਾ ਨਾਂ ਨਹੀਂ ਲੈ ਰਹੀ ਸਗੋਂ ਹੋਰ ਫੈਲਦੀ ਜਾ ਰਹੀ ਹੈ। ਕੇਂਦਰੀ ਹਕੂਮਤ ਨੇ ਜਨਤਕ ਪ੍ਰੀਖਿਆ ਸਖ਼ਤ ਕਾਨੂੰਨ 2024 ਹੋਂਦ ਵਿੱਚ ਲਿਆਂਦਾ ਪਰ ਇਹ ਕਾਨੂੰਨ ਤੋਂ ਵੀ ਪੇਪਰ ਲੀਕ ਕਰਨ ਵਾਲੇ ਗ੍ਰੋਹਾਂ ਨੂੰ ਕੋਈ ਡਰ ਖੋਫ ਨਹੀਂ ਲੱਗਿਆ ਅਤੇ ਇਹ ਕਾਨੂੰਨ ਵੀ ਠੱਗਾਂ ਦੇ ਹੋਂਸਲੇ ਪਸਤ ਨਹੀਂ ਕਰ ਸਕਿਆ। ਉਨ੍ਹਾਂ ਕਿਹਾ ਕਿ ਇਸ ਸਾਲ ਨੀਟ ਦੇ ਵੱਡੇ ਇਮਤਿਹਾਨ ਵਿੱਚ ਫਿਰ ਪੇਪਰ ਲੀਕ ਹੋ ਗਿਆ। ਮਿਸ ਚੰਦਨਪ੍ਰੀਤ ਨੇ ਕਿਹਾ ਸਖ਼ਤ ਕਾਨੂੰਨ ਬਣਾਉਣ ਨਾਲ ਨਹੀਂ, ਪ੍ਰੀਖਿਆ ਸਿਸਟਮ ਵਿੱਚ ਵੱਡੇ ਸੁਧਾਰਾਂ ਦੀ ਪੁਖ਼ਤਾ ਲੋੜ ਹੈ ਤਾਂ ਕਿ ਇਸ ਗੋਰਖਧੰਦੇ ਨੂੰ ਜੜ੍ਹੋਂ ਉਖਾੜਿਆ ਜਾ ਸਕੇ ਅਤੇ ਪੇਪਰ ਲੀਕ ਹੋਣਾ ਉਨਾਂ ਗ਼ਰੀਬ ਅਤੇ ਆਰਥਿਕ ਤੌਰ ਤੇ ਪਛੜੇ ਵਿਦਿਆਰਥੀਆਂ ਨਾਲ ਸਪਸ਼ਟ ਠੱਗੀ ਹੈ ਜੋ ਕਿ ਬੜੀ ਮੁਸ਼ਕਲ ਨਾਲ ਸਖ਼ਤ ਮਿਹਨਤ, ਵਕਤ ਅਤੇ ਪੈਸਾ ਖਰਚ ਕਰਕੇ ਪੂਰੀ ਮਿਹਨਤ ਮੁਸ਼ਕਤ ਕਰਕੇ ਪ੍ਰੀਖਿਆਵਾਂ ਦੀ ਤਿਆਰੀ ਕਰਦੇ ਹਨ। ਉਨ੍ਹਾਂ ਕਿਹਾ ਕਿ ਦੇਸ਼ ਵਿੱਚ ਵਾਰ—ਵਾਰ ਪੇਪਰਾਂ ਦੇ ਲੀਕ ਹੋਣ ਨਾਲ ਲੋਕਾਂ ਦਾ ਪ੍ਰੀਖਿਆ ਸਿਸਟਮ ਤੋਂ ਵਿਸ਼ਵਾਸ ਉਠਦਾ ਜਾ ਰਿਹੈ ਅਤੇ ਪੇਪਰ ਲੀਕ ਹੋਈ ਧਾਂਦਲੀ ਦੀ ਸੂਈ ਵੀ ਸਰਕਾਰ ਨੂੰ ਸ਼ੱਕ ਦੇ ਘੇਰੇ ਵਿੱਚ ਲਿਆ ਖੜ੍ਹਾ ਕਰਦੀ ਹੈ। ਉਨ੍ਹਾਂ ਕਿਹਾ ਕਿ ਵਾਰ ਵਾਰ ਪੇਪਰ ਲੀਕ ਹੋਣ ਦਾ ਪਬਲਿਕ ਵਿੱਚ ਇਹ ਸੁਨੇਹਾ ਜਾਂਦਾਂ ਹੈ ਸਫਲਤਾ ਮਿਹਨਤ ਨਾਲ ਨਹੀਂ, ਪੈਸੇ ਨਾਲ ਖਰੀਦੀ ਜਾ ਸਕਦੀ ਹੈ, ਮਿਹਨਤ ਕਰਨ ਦੀ ਕੋਈ ਲੋੜ ਨਹੀਂ। ਮਿਸ ਚੰਦਨਪ੍ਰੀਤ ਨੇ ਕਿਹਾ ਕਿ ਕੇਂਦਰ ਅਤੇ ਸੂਬਾ ਸਰਕਾਰਾਂ ਨੂੰ ਵੱਡੇ ਇਮਤਿਹਾਨ ਲੈਣ ਲੱਗਿਆ ਜਾਂਚ ਏਜੰਸੀਆਂ ਅਤੇ ਪ੍ਰੀਖਿਆ ਪ੍ਰਣਾਲੀ ਨੂੰ ਅਜ਼ਾਦ ਅਤੇ ਨਿਰਪੱਖ ਬਣਾਉਣਾ ਚਾਹੀਦਾ ਹੈ ਤਾਂ ਕਿ ਪ੍ਰੀਖਿਆਵਾਂ ਵਿੱਚ ਬੈਠ ਕੇ ਪੇਪਰ ਦੇ ਰਹੇ ਲੱਖਾਂ ਵਿਦਿਆਰਥੀਆਂ ਨੂੰ ਇਨਸਾਫ ਮਿਲ ਸਕੇ। ਪ੍ਰੀਖਿਆ ਪ੍ਰਣਾਲੀ ਵਿੱਚ ਬੁਰੀ ਤਰਾਂ ਫੈਲ ਚੁੱਕੀ ਇਸ ਬੁਰਾਈ ਦਾ ਅੰਤ ਕਰਨਾ ਲਾਜ਼ਮੀ ਹੈ ਅਤੇ ਸਖ਼ਤ ਕਾਨੂੰਨ ਬਣਾਉਂਣ ਦੀ ਨਹੀਂ, ਸਰਕਾਰ, ਜਾਂਚ ਏਜੰਸੀਆਂ ਅਤੇ ਪ੍ਰੀਖਿਆ ਪ੍ਰਣਾਲੀ ਵਿੱਚ ਪਾਰਦਰਸ਼ਤਾ ਅਤੇ ਇਮਾਨਦਾਰੀ ਦੀ ਵਧੇਰੇ ਲੋੜ ਹੈ। ਉਨ੍ਹਾਂ ਕਿਹਾ ਕਿ ਵਿਦਿਆਰਥੀਆਂ ਦੇ ਅੰਦੋਲਨ ਅੱਗੇ ਝੁਕਦਿਆਂ ਬੀਜੇਪੀ ਸਰਕਾਰ ਦੇ ਕੇਂਦਰੀ ਸਿਖਿਆ ਮੰਤਰੀ ਧਰੇਂਦਰ ਪ੍ਰਧਾਨ ਨੇ ਆਖ਼ਰਕਾਰ ਅਸਤੀਫਾ ਦੇ ਦਿੱਤਾ, ਜਿਸ ਨਾਲ ਵਿਦਿਆਰਥੀ ਅੰਦੋਲਨ ਦੀ ਜਿੱਤ ਹੋਈ ਹੈ।



ਆਵਾਜ਼ਿ ਕੌਮ AWAZE QAUM International Newspaper & WEB TV

### ਪਿੰਡ ਮੱਲ੍ਹੀਆਂ ਦੇ ਵਿਕਾਸ ਨੂੰ ਮੂੰਹ ਚਿੜਚਿੜਾਉਂਦੀ

# ਕਾਰਗਿਲ ਦੀ ਜੰਗ ਵਿੱਚ ਸ਼ਹੀਦ ਹੋਏ ਜਵਾਨ ਦੇ ਨਾਂ ਤੇ ਬਣੀ ਸੜਕ



ਜੰਡਿਆਲਾ ਗੁਰੂ 26 ਜੁਲਾਈ (ਕੁਲਵੰਤ ਸਿੰਘ ਵਿਰਦੀ ) ਜੰਡਿਆਲਾ ਗੁਰੂ ਤੋਂ ਥੋੜ੍ਹੀ ਦੂਰੀ, ਜੀਟੀ ਰੋਡ ਜਲੰਧਰ ਤੇ ਸਥਿਤ ਸ੍ਰੀ ਗੁਰੂ ਹਰਗੋਬਿੰਦ ਪਾਤਸ਼ਾਹ ਦੀ ਚਰਨਛੋਹ ਪ੍ਰਾਪਤ ਨਗਰੀ ਪਿੰਡ ਮੱਲ੍ਹੀਆਂ, ਜਿਸ ਨੂੰ ਕਿ ਸੰਤਾਂ ਮਹਾਂਪੁਰਸ਼ਾਂ ਵੱਲੋਂ ਮੱਲੇ ਸ਼ਹਿਰ ਦਾ ਵਰ ਵੀ ਹੋਇਆ ਹੈ, ਇਸ ਪਿੰਡ ਵਿੱਚ ਆਮ ਆਦਮੀ ਪਾਰਟੀ ਦੀ ਮੌਜੂਦਾ ਸਰਕਾਰ ਦੇ ਸਮੇਂ ਰਿਕਾਰਡ ਤੋੜ ਵਿਕਾਸ ਹੋਇਆ, ਜਿਸ ਦਾ ਸਿਹਰਾ ਪਿੰਡ ਦੀ ਪੰਚਾਇਤ ਨੂੰ ਵੀ ਜਾਂਦਾ ਹੈ ਇਨਾਂ ਗੱਲਾਂ ਦਾ ਪ੍ਰਗਟਾਵਾ ਕਰਦਿਆ ਹੋਇਆ ਪਿੰਡ ਮੱਲ੍ਹੀਆਂ ਦੇ ਵਾਸੀਆਂ ਵਲੋਂ ਨਾਮ ਨਾ ਛਾਪਣ ਦੀ ਸੂਰਤ ਵਿੱਚ ਅੱਗੇ ਕਿਹਾ ਕਿ ਇਸ ਪਿੰਡ ਵਿੱਚ ਕਰੋੜਾਂ ਰੁਪਏ ਦੀ ਲਾਗਤ ਨਾਲ ਬਣ ਰਿਹਾ ਪੋਲੀ ਟੈਕਨੀਕਲ ਕਾਲਜ ਜੋ ਕਿ ਪਿੰਡ ਵਾਸਤੇ ਬਹੁਤ ਮਾਣ ਵਾਲੀ ਗੱਲ, ਪਰ ਜੇਕਰ ਪਿੰਡ ਦੇ ਵਿਕਾਸ ਦੇ ਨਾਲ ਨਾਲ ਪਿੰਡ ਦੇ ਵਿੱਚ ਕੁਝ ਅਜਿਹੀਆਂ ਤਰੁੱਟੀਆਂ ਵੀ ਹਨ ਜੋ ਕਿ ਪਿੰਡ ਦੇ ਵਿਕਾਸ ਨੂੰ ਮੂੰਹ ਚਿੜ ਚੜਾਉਂਦੀਆਂ ਹਨ, ਇਸ ਵਿੱਚ ਪਹਿਲੀ ਤਰੁਟੀ ਇਹ ਹੈ ਕਿ ਇਸ ਪਿੰਡ ਦੀ ਮੇਨ ਐਂਟਰੀ ਦੌਰਾਨ ਕਾਰਗਿਲ ਸ਼ਹੀਦ ਅਜਮੇਰ ਸਿੰਘ ਜਿਸ ਦੀ ਯਾਦ ਵਿੱਚ ਸੁੰਦਰ ਗੇਟ ਬਣਿਆ ਹੋਇਆ ਹੈ ਅਤੇ ਨਾਲ ਹੀ ਇਹ ਪਿੰਡ ਮੱਲ੍ਹੀਆਂ ਦਾ ਬੱਸ ਅੱਡਾ ਵੀ ਹੈ ਅਤੇ ਇਸ ਗੇਟ ਤੋਂ ਲੈ ਕੇ ਸਹੀਦ ਅਜਮੇਰ ਸਿੰਘ ਦੇ ਘਰ ਤੱਕ ਇਹ ਸੜਕ ਬਣੀ ਹੋਈ ਹੈ।, ਜਿਸ ਸੜਕ ਵਿਚ ਡੂੰਘੇ ਟੋਏ ਬਣੇ ਹੋਏ ਹਨ ਅਤੇ ਹਾਲਤ ਬਹੁਤ ਹੀ ਤਰਸਯੋਗ ਬਣੀ ਹੋਈ ਹੈ। ਥੋੜਾ ਜਿਹਾ ਮੀਂਹ ਪੈਣ ਤੇ ਵੀ ਇਹ ਸੜਕ ਛੱਪੜ ਦਾ ਰੂਪ ਧਾਰਨ ਕਰ ਲੈਂਦੀ ਹੈ।, ਇੱਥੇ ਇਹ ਵੀ ਦੱਸਣ ਯੋਗ ਹੈ ਕਿ ਇਹ ਸੜਕ ਪਿੰਡ ਵਿਚਲੇ ਤਿੰਨ ਸਰਕਾਰੀ ਅਦਾਰਿਆਂ ਨਾਲ ਜੋੜਦੀ ਹੈ।, ਜਿਸ ਵਿੱਚ ਸੀਨੀਅਰ ਸੈਕੈਂਡਰੀ ਸਕੂਲ ਅਜਮੇਰ ਸਿੰਘ ਜੋ ਕਿ ਉਹ ਵੀ ਕਾਰਗਿਲ ਸ਼ਹੀਦ ਅਜਮੇਰ ਸਿੰਘ ਦੇ ਨਾਂ ਤੇ ਬਣਿਆ ਹੋਇਆ, ਅਤੇ ਦੂਸਰਾ ਪ੍ਰਾਇਮਰੀ ਸਕੂਲ ਅਤੇ ਤੀਸਰਾ ਸਰਕਾਰੀ ਹਸਪਤਾਲ ਇਹਨਾਂ ਤਿੰਨਾਂ ਸਰਕਾਰੀ ਅਦਾਰਿਆਂ ਦੇ ਨਾਲ ਨਾਲ ਪੂਰੇ ਪਿੰਡ ਵਾਸੀਆਂ ਲਈ ਵੀ ਇਹ ਸੜਕ ਮੇਨ ਸੜਕ ਹੈ ਜੇਕਰ ਗੱਲ ਕੀਤੀ ਜਾਵੇ ਤਾਂ ਪਿੰਡ ਵਿੱਚ ਜਦੋਂ ਵੀ ਬਾਹਰਲਾ ਕੋਈ ਵਿਅਕਤੀ ਆਉਂਦਾ ਹੈ ਤਾ ਉਹ ਪਿੰਡ ਵਿਚਲੇ ਵਿਕਾਸ ਨੂੰ ਬਾਅਦ ਵਿਚ ,ਪਹਿਲਾਂ ਸੜਕ ਵੱਲ ਵੇਖ ਕੇ ਅੰਦਾਜ਼ਾ ਲਗਾਉਂਦਾ ਹੈ ਕਿ ਕਾਰਗਿਲ ਸ਼ਹੀਦ ਦੇ ਨਾਂ ਤੇ ਬਣੀ ਸੜਕ ਦੀ ਹਾਲਤ ਇਸ ਤਰ੍ਹਾਂ ਦੀ ਹੈ ਤਾਂ ਪਿੰਡ ਵਿੱਚ ਕੀ ਹਾਲ ਹੋਵੇਗਾ, ਭਾਵੇਂ ਕਿ ਪਿੰਡ ਮੱਲ੍ਹੀਆ ਵਿੱਚ ਕਰੋੜਾਂ ਰੁਪਏ ਦੇ ਪ੍ਰੋਜੈਕਟ ਚੱਲ ਰਹੇ ਹਨ ਲੇਕਿਨ ਇਹ ਸੜਕ ਕਾਫੀ ਲੰਮੇ ਸਮੇਂ ਤੋਂ ਟੁੱਟੀ ਹੋਈ ਹੈ ਜਿਸ ਵੱਲ ਕੋਈ ਵੀ ਧਿਆਨ ਨਹੀਂ ਦਿੱਤਾ ਜਾ ਰਿਹਾ, ਇਸ ਟੁੱਟੀ ਸੜਕ ਸਬੰਧੀ ਜਦੋਂ ਪਿੰਡ ਦੀ ਸਰਪੰਚ ਬੀਬੀ ਵਰਿੰਦਰ ਕੌਰ ਦੇ ਪਤੀ ਨਵਕਰਨ ਸਿੰਘ ਮੱਲ੍ਹੀ ਨਾਲ ਫੋਨ ਤੇ ਗੱਲਬਾਤ ਕੀਤੀ ਗਈ ਤਾਂ ਉਹਨਾਂ ਕਿਹਾ ਕਿ, ਸਾਡੀ ਇਹ ਮੰਗ ਹੈ ਕਿ ਇਸ ਪੱਕੀ ਸੜਕ ਨੂੰ ਇੰਟਰਲੋਕ ਵਿੱਚ ਤਬਦੀਲ ਕਰਕੇ ਨਵੇਂ ਸਿਰਿਓਂ ਬਣਾਈ ਜਾਵੇ ਉਹਨਾਂ ਨੇ ਕਿਹਾ ਕਿ ਇਸ ਸਬੰਧੀ ਹਲਕੇ ਦੇ ਕੈਬਨਿਟ ਮੰਤਰੀ ਹਰਭਜਨ ਸਿੰਘ ਈਟੀਓ ਨੂੰ ਵੀ ਜਾਣੂੰ ਕਰਵਾਇਆ ਗਿਆ ਹੈ।, ਅਤੇ ਇਸ ਸੜਕ ਦਾ ਮਸਲਾ ਉਹਨਾਂ ਦੇ ਧਿਆਨ ਵਿੱਚ ਹੈ, ਸੋ ਪਿੰਡ ਵਾਸੀਆਂ ਦੀ ਵੀ ਇਹ ਪੂਰਜੋਰ ਮੰਗ ਹੈ ਕਿ ਇਸ ਸੜਕ ਵੱਲ ਜਲਦੀ ਤੋਂ ਜਲਦੀ ਧਿਆਨ ਦਿੱਤਾ ਜਾਵੇ ਤਾਂ ਜੋ ਸ਼ਹੀਦਾਂ ਤੇ ਬਣੀਆਂ ਯਾਦਗਾਰਾਂ ਨੂੰ ਸੰਭਾਲਿਆ ਜਾ ਸਕੇ !

**ਤਿੰਨ ਸਰਕਾਰੀ ਅਦਾਰਿਆਂ ਨਾਲ ਜੁੜਦੀ ਇਹ ਸੜਕ ਸ੍ਰ ਈ.ਟੀ.ਓ ਵਿਸੇਸ ਤੌਰ ਤੇ ਇਸ ਸੜਕ ਵੱਲ ਧਿਆਨ ਦੇਣ ਪਿੰਡ ਵਾਸੀ**

### ਪਿੰਡ ਚੱਠੇਵਾਲਾ ਦੀ ਮੀਟਿੰਗ ਵਿੱਚ ਮਨਰੇਗਾ ਕਾਨੂੰਨ ਦੀ ਬਹਾਲੀ ਤੇ ਪੈਨਸ਼ਨ ਪੰਜ ਹਜਾਰ ਰੁਪਏ ਕਰਵਾਉਣ ਤੱਕ ਸਘੰਰਸ਼ ਜਾਰੀ ਰਹੇਗਾ- ਨਸਰਾਲੀ

# ਮਾਨ ਸਰਕਾਰ ਜ਼ਬਰ ਦਾ ਰਾਹ ਲੋਕਾਂ ਦੀਆਂ ਮੰਗਾਂ ਸਵੀਕਾਰ ਕਰੇ

ਤਲਵੰਡੀ ਸਾਬੋ, 26 ਜੁਲਾਈ (ਗੁਰਜੰਟ ਸਿੰਘ ਨਥੇਹਾ)- ਅੱਜ ਪਿੰਡ ਚੱਠੇਵਾਲਾ ਵਿੱਚ ਪੰਜਾਬ ਖੇਤ ਮਜ਼ਦੂਰ ਯੂਨੀਅਨ ਦੀ ਮੀਟਿੰਗ ਹੋਈ ਜਿਸ ਦੀ ਪ੍ਰਧਾਨਗੀ ਨਛੱਤਰ ਸਿੰਘ ਨੇ ਕੀਤੀ।ਮੀਟਿੰਗ ਨੂੰ ਜਥੇਬੰਦੀ ਦੇ ਸੂਬਾ ਪ੍ਰਧਾਨ ਜੋਰਾ ਸਿੰਘ ਨਸਰਾਲੀ ਨੇ ਸੰਬੋਧਨ ਕਰਦੇ ਹੋਏ ਕਿਹਾ ਕਿ ਭਗਵੰਤ ਮਾਨ ਦੀ ਸਰਕਾਰ ਵੱਲੋਂ ਮਜ਼ਦੂਰਾਂ ਨੂੰ ਅਣਗੌਲਿਆਂ ਕਰਨ ਵਿਰੁੱਧ ਤਿੱਖਾ ਰੋਸ ਪ੍ਰਗਟ ਕਰਨ ਅਤੇ ਰਹਿੰਦੀਆਂ ਗਾਰੰਟੀਆਂ ਨੂੰ ਪੂਰਾ ਕਰਾਉਣ ਲਈ ਜਲੰਧਰ ਵਿਖੇ 5 ਅਗਸਤ ਨੂੰ ਰੈਲੀ ਕਰਕੇ ਮੁੱਖ ਮੰਤਰੀ ਦੀ ਰਿਹਾਇਸ਼ ਵੱਲ ਕੀਤੇ ਜਾ ਰਹੇ ਮਾਰਚ ਵਿੱਚ ਪਰਿਵਾਰਾਂ ਸਮੇਤ ਸਾਮਲ ਹੋਣ ਦੀ ਲੋੜ ਹੈ। ਉਹਨਾਂ ਕਿਹਾ ਜੀ ਰਾਮ ਜੀ ਕਾਨੂੰਨ ਨੂੰ ਰੱਦ ਕਰਵਾਕੇ ਮਨਰੇਗਾ ਕਾਨੂੰਨ ਨੂੰ ਲਾਗੂ ਕਰਵਾਉਣ, ਔਰਤਾਂ ਦੇ ਖਾਤਿਆਂ ਵਿੱਚ ਸਾਢੇ ਚਾਰ ਸਾਲਾਂ ਦੇ ਬਕਾਏ ਪਵਾਉਣ, ਮਜ਼ਦੂਰਾਂ ਸਿਰ ਖੜੇ ਮਾਇਕਰੋ ਫਾਇਨਾਂਸ ਕੰਪਨੀਆਂ ਦੇ ਕਰਜ਼ਿਆਂ ਸਮੇਤ ਕੁੱਲ ਕਰਜੇ ਖਤਮ ਕਰਾਉਣ ਤੇ ਮਜ਼ਦੂਰਾਂ ਨੂੰ ਸਸਤੀਆਂ ਦਰਾਂ ਤੇ ਸਰਕਾਰੀ ਬੈਂਕਾਂ ਤੋਂ ਕਰਜੇ ਦਿਵਾਉਣ, ਪੰਚਾਇਤੀ ਜਮੀਨਾਂ ਵਿੱਚੋਂ ਮਜ਼ਦੂਰਾਂ ਦਾ ਬਣਦਾ ਤੀਜਾ ਹਿੱਸਾ ਉਨਾਂ ਨੂੰ ਠੇਕੇ ਤੇ ਦਿਵਾਉਣ, ਮਜ਼ਦੂਰਾਂ ਨੂੰ 10 ਮਰਲੇ ਦੇ ਪਲਾਟ ਦਿਵਾਉਣ ਅਤੇ ਮਕਾਨ ਬਣਾਉਣ ਲਈ ਪੰਜ ਲੱਖ ਰੁਪਏ ਦੀ ਗਰਾਂਟ ਦਿਵਾਉਣ, ਰਾਸ਼ਨ ਡਿਪੂਆਂ ਤੋਂ ਰਸੋਈ ਦੀਆਂ ਸਾਰੀਆਂ ਵਸਤਾਂ ਲੈਣ ਅਤੇ ਵਿਧਵਾ ਬੁਢਾਪਾ ਪੈਨਸ਼ਨ 5000 ਰੁਪਏ ਕਰਵਾਉਣ ਆਦਿ ਮੰਗਾਂ ਲਈ ਇਹ ਰੈਲੀ ਕੀਤੀ ਜਾ ਰਹੀ ਹੈ। ਸੂਬਾ ਪ੍ਰਧਾਨ ਨੇ ਭਗਵੰਤ ਮਾਨ ਦੀ ਸਰਕਾਰ ’ਤੇ ਦੋਸ਼ ਲਾਉਂਦਿਆ ਕਿਹਾ ਕਿ ਮਜ਼ਦੂਰਾਂ ਨੇ ਆਪਣੀਆਂ ਫੌਰੀ ਤੇ ਬੁਨਿਆਦੀ ਮੰਗਾਂ ਖਾਤਰ ਲਗਾਤਾਰ ਸੰਘਰਸ਼ ਕੀਤਾ ਜਿਸ ਸਦਕਾ ਉਹਨਾਂ ਨੂੰ ਪੰਜ ਵਾਰ ਮੁੱਖ ਮੰਤਰੀ ਨਾਲ ਮੀਟਿੰਗ ਕਰਾਉਣ ਦੀਆਂ ਚਿੱਠੀਆਂ ਵੀ ਜਾਰੀ ਕੀਤੀਆਂ ਗਈਆਂ। ਪਰ ਮੀਟਿੰਗ ਵਿੱਚ ਇੱਕ ਵਾਰ ਵੀ ਮੁੱਖ ਮੰਤਰੀ ਹਾਜ਼ਰ ਨਹੀਂ ਹੋਏ।ਅਜਿਹਾ ਵਿਹਾਰ ਮਜ਼ਦੂਰ ਵਿਰੋਧੀ ਹੋਣ ਦਾ ਸਬੂਤ ਦਿੰਦਾ ਹੈ। ਉਹਨਾਂ ਕਿਹਾ ਕਿ ਹੁਣ ਜਦੋਂ ਵੋਟਾਂ ਸਿਰ ਤੇ ਆ ਗਈਆਂ ਤਾਂ ਭਗਵੰਤ ਮਾਨ ਦੀ ਸਰਕਾਰ ਵੋਟਾਂ ਵਟੋਰਨ ਖਾਤਰ ਔਰਤਾਂ ਦੇ ਖਾਤਿਆਂ ਵਿੱਚ 1000 ਤੋਂ 1500 ਰੁਪਏ ਪਾਏ ਜਾ ਰਹੇ ਹਨ।ਪਰ ਪਿਛਲੇ ਸਾਲਾਂ ਦੇ ਬਕਾਏ ਬਾਰੇ ਦੜ ਵੱਟ ਲਈ ਹੈ।ਵਿਧਵਾ ਬੁਢਾਪਾ ਪੈਨਸ਼ਨ 5000 ਕਰਨ ਤੇ ਉਮਰ ਦੀ ਹੱਦ ਔਰਤਾਂ ਦੀ 55 ਸਾਲ ਅਤੇ ਮਰਦਾਂ ਦੀ 58 ਸਾਲ ਕਰਨ, ਮਜ਼ਦੂਰਾਂ ਸਿਰ ਚੜੇ ਸਾਰੇ ਕਰਜੇ ਮਾਫ ਕਰਨ, ਸੰਘਰਸ਼ਾਂ ਦੌਰਾਨ ਪਏ ਝੂਠੇ ਕੇਸ ਵਾਪਸ ਲੈਣ ਅਤੇ ਜਨਤਕ ਵੰਡ ਪ੍ਰਣਾਲੀ ਰਾਹੀਂ ਲੋੜਵੰਦ ਮਜ਼ਦੂਰਾਂ ਨੂੰ ਰਸੋਈ ਦੀਆਂ ਕੁੱਲ ਲੋੜੀਦੀਆਂ ਵਸਤਾਂ ਸਸਤੀਆਂ ਦੇਣ ਦੀ ਮੰਗ ਵੀ ਉਠਾਈ ਜਾਵੇਗੀ। ਉਹਨਾਂ ਨੂੰ ਸਰਕਾਰ ਨੂੰ ਚਿਤਾਵਨੀ ਦਿੰਦਿਆਂ ਕਿਹਾ ਕਿ ਜੇਕਰ ਸਰਕਾਰ ਨੇ ਮੰਗਾਂ ਵੱਲ ਹਾਲੇ ਵੀ ਧਿਆਨ ਨਾ ਦਿੱਤਾ ਤਾਂ 5 ਅਗਸਤ ਦੀ ਰੈਲੀ ਦੀ ਰੈਲੀ ਕਰਨ ਉਪਰੰਤ ਅਗਲੇ ਐਕਸ਼ਨ ਦਾ ਐਲਾਨ ਕੀਤਾ ਜਾਵੇਗਾ। ਉਹਨਾਂ ਸਰਕਾਰ ਤੇ ਦੋਗਲੇਪਣ ਦੀ ਨੀਤੀ ਤੇ ਚੱਲਣ ਦਾ ਦੋਸ਼ ਲਾਉਂਦੇ ਹੋਏ ਕਿਹਾ ਕਿ ਇੱਕ ਪਾਸੇ ਤਾਂ ਇਸ ਪਾਰਟੀ ਦਾ ਕਨਵੀਨਰ ਅਰਵਿੰਦ ਕੇਜਰੀਵਾਲ ਦਿੱਲੀ ਵਿੱਚ ਵਿਦਿਆਰਥੀਆਂ ਤੇ ਕੀਤੇ ਭਾਰਤੀ ਜਨਤਾ ਪਾਰਟੀ ਦੇ ਜਬਰ ਦੀ ਨਿਖੇਧੀ ਕਰਦਾ ਹੈ,ਪਰ ਦੂਸਰੇ ਪਾਸੇ ਪੰਜਾਬ ਅੰਦਰ ਆਮ ਆਦਮੀ ਪਾਰਟੀ ਦੀ ਸਰਕਾਰ ਹੱਕ ਮੰਗਦੇ ਮਜ਼ਦੂਰਾਂ ਕਿਸਾਨਾਂ ਅਧਿਆਪਕਾਂ ਮਨਰੇਗਾ ਕਾਮਿਆਂ ਉੱਤੇ ਵਹਿਸ਼ੀਆਣਾ ਲਾਠੀਚਾਰਜ ਕਰਕੇ ਹੱਕੀ ਆਵਾਜ਼ ਨੂੰ ਦਬਾਉਣ ਦੀ ਕੋਸ਼ਿਸ਼ ਕਰ ਰਹੀ ਹੈ।



## ਲੋਕਾਂ ਦੇ ਭਰੋਸੇ ਅਤੇ ਲੋਕ ਭਲਾਈ ਦੀਆਂ ਨੀਤੀਆਂ ਸਦਕਾ ਆਮ ਆਦਮੀ ਪਾਰਟੀ ਮੁੜ ਬਣਾਏਗੀ ਸਰਕਾਰ : ਹਰਭਜਨ ਸਿੰਘ ਈ.ਟੀ.ਓ.



ਜੰਡਿਆਲਾ ਗੁਰੂ 26 ਜੁਲਾਈ( ਕੁਲਵੰਤ ਸਿੰਘ ਵਿਰਦੀ )- ਪੰਜਾਬ ਦੇ ਲੋਕ ਨਿਰਮਾਣ ਮੰਤਰੀ ਸ. ਹਰਭਜਨ ਸਿੰਘ ਈ.ਟੀ.ਓ. ਨੇ ਕਿਹਾ ਹੈ ਕਿ ਪੰਜਾਬ ਦੇ ਲੋਕਾਂ ਦਾ ਵਿਸ਼ਵਾਸ ਅਤੇ ਸਮਰਥਨ ਲਗਾਤਾਰ ਆਮ ਆਦਮੀ ਪਾਰਟੀ ਨਾਲ ਜੁੜਿਆ ਹੋਇਆ ਹੈ ਅਤੇ ਲੋਕ ਭਲਾਈ ਦੀਆਂ ਨੀਤੀਆਂ, ਪਾਰਦਰਸ਼ੀ ਪ੍ਰਸ਼ਾਸਨ ਅਤੇ ਵਿਕਾਸਮੁਖੀ ਕਾਰਜਾਂ ਦੇ ਆਧਾਰ ’ਤੇ ਅਗਾਮੀ ਵਿਧਾਨ ਸਭਾ ਚੋਣਾਂ ਵਿੱਚ ਆਮ ਆਦਮੀ ਪਾਰਟੀ ਇੱਕ ਵਾਰ ਫਿਰ ਸ਼ਾਨਦਾਰ ਜਿੱਤ ਦਰਜ ਕਰਕੇ ਪੰਜਾਬ ਦੀ ਸੇਵਾ ਜਾਰੀ ਰੱਖੇਗੀ।ਅੱਜ ਵਿਧਾਨ ਸਭਾ ਹਲਕਾ ਜੰਡਿਆਲਾ ਗੁਰੂ ਦੇ ਪਿੰਡ ਗਹਿਰੀ ਮੰਡੀ ਅਤੇ ਮੁੱਛਲ ਵਿਖੇ ਕਰਵਾਏ ਗਏ ਲੋਕ ਮਿਲਣੀ ਪ੍ਰੋਗਰਾਮਾਂ ਦੌਰਾਨ ਭਰਵੇਂ ਇਕੱਠਾਂ ਨੂੰ ਸੰਬੋਧਨ ਕਰਦਿਆਂ ਲੋਕ ਨਿਰਮਾਣ ਮੰਤਰੀ ਨੇ ਕਿਹਾ ਕਿ ਪੰਜਾਬ ਦੇ ਲੋਕਾਂ ਨੇ ਵਿਕਾਸ, ਇਮਾਨਦਾਰ ਸ਼ਾਸਨ ਅਤੇ ਲੋਕ ਹਿੱਤ ਦੀਆਂ ਨੀਤੀਆਂ ਨੂੰ ਤਰਜੀਹ ਦਿੱਤੀ ਹੈ। ਉਨ੍ਹਾਂ ਕਿਹਾ ਕਿ ਮੁੱਖ ਮੰਤਰੀ ਸ. ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠ ਪੰਜਾਬ ਸਰਕਾਰ ਨੇ ਆਪਣੇ ਕਾਰਜਕਾਲ ਦੌਰਾਨ ਨੌਜਵਾਨਾਂ ਨੂੰ ਪੂਰੀ ਤਰ੍ਹਾਂ ਮੈਰਿਟ ਦੇ ਆਧਾਰ ’ਤੇ ਸਰਕਾਰੀ ਨੌਕਰੀਆਂ ਦਿੱਤੀਆਂ ਹਨ ਅਤੇ ਰੁਜ਼ਗਾਰ ਦੇ ਨਵੇਂ ਮੌਕੇ ਪੈਦਾ ਕਰਨ ਲਈ ਲਗਾਤਾਰ ਯਤਨ ਕੀਤੇ ਹਨ।ਸ. ਹਰਭਜਨ ਸਿੰਘ ਈ.ਟੀ.ਓ. ਨੇ ਕਿਹਾ ਕਿ ਸਿਹਤ ਕ੍ਰਾਂਤੀ ਤਹਿਤ ਸੂਬੇ ਭਰ ਵਿੱਚ ਆਮ ਆਦਮੀ ਕਲੀਨਿਕਾਂ ਦੀ ਸਥਾਪਨਾ ਕੀਤੀ ਗਈ ਹੈ, ਜਦਕਿ ਸਰਕਾਰੀ ਹਸਪਤਾਲਾਂ ਅਤੇ ਸਿਹਤ ਸੰਸਥਾਵਾਂ ਦੇ ਬੁਨਿਆਦੀ ਢਾਂਚੇ ਨੂੰ ਮਜ਼ਬੂਤ ਕਰਕੇ ਲੋਕਾਂ ਨੂੰ ਮਿਆਰੀ ਸਿਹਤ ਸੇਵਾਵਾਂ ਮੁਹੱਈਆ ਕਰਵਾਈਆਂ ਜਾ ਰਹੀਆਂ ਹਨ। ਉਨ੍ਹਾਂ ਕਿਹਾ ਕਿ ਮੁੱਖ ਮੰਤਰੀ ਸਿਹਤ ਬੀਮਾ ਯੋਜਨਾ ਆਮ ਲੋਕਾਂ ਲਈ ਵੱਡੀ ਰਾਹਤ ਸਾਬਤ ਹੋ ਰਹੀ ਹੈ।ਉਨ੍ਹਾਂ ਕਿਹਾ ਕਿ ਰਾਜ ਸਰਕਾਰ ਵੱਲੋਂ 300 ਯੂਨਿਟ ਮੁਫ਼ਤ ਬਿਜਲੀ ਦੀ ਸਹੂਲਤ ਕਾਰਨ ਲਗਭਗ 90 ਫੀਸਦੀ ਘਰਾਂ ਦੇ ਬਿਜਲੀ ਬਿੱਲ ਜ਼ੀਰੋ ਆ ਰਹੇ ਹਨ, ਜਿਸ ਨਾਲ ਪਰਿਵਾਰਾਂ ਦੀ ਹਰ ਮਹੀਨੇ ਹਜ਼ਾਰਾਂ ਰੁਪਏ ਦੀ ਬਚਤ ਹੋ ਰਹੀ ਹੈ। ਉਨ੍ਹਾਂ ਦੱਸਿਆ ਕਿ ਮਾਵਾਂ-ਧੀਆਂ ਸਤਿਕਾਰ ਯੋਜਨਾ ਵੀ ਰਾਜ ਸਰਕਾਰ ਦੀ ਇੱਕ ਅਹਿਮ ਲੋਕ ਭਲਾਈ ਸਕੀਮ ਹੈ, ਜਿਸ ਦਾ ਲਾਭ ਵੱਡੀ ਗਿਣਤੀ ਵਿੱਚ ਮਹਿਲਾਵਾਂ ਨੂੰ ਮਿਲ ਰਿਹਾ ਹੈ। ਇਸ ਤੋਂ ਇਲਾਵਾ ਸਿੱਖਿਆ ਕ੍ਰਾਂਤੀ ਤਹਿਤ ਸਰਕਾਰੀ ਸਕੂਲਾਂ ਦਾ ਸਰਬਪੱਖੀ ਵਿਕਾਸ ਕੀਤਾ ਗਿਆ ਹੈ ਅਤੇ ਪੰਜਾਬ ਸਿੱਖਿਆ ਦੇ ਖੇਤਰ ਵਿੱਚ ਦੇਸ਼ ਦੇ ਮੋਹਰੀ ਸੂਬਿਆਂ ਵਿੱਚ ਆਪਣੀ ਵਿਲੱਖਣ ਪਛਾਣ ਬਣਾ ਰਿਹਾ ਹੈ।ਵਿਧਾਨ ਸਭਾ ਹਲਕਾ ਜੰਡਿਆਲਾ ਗੁਰੂ ਦੇ ਵਿਕਾਸ ਕਾਰਜਾਂ ਦਾ ਜ਼ਿਕਰ ਕਰਦਿਆਂ ਲੋਕ ਨਿਰਮਾਣ ਮੰਤਰੀ ਨੇ ਕਿਹਾ ਕਿ ਹਲਕੇ ਦੇ ਹਰ ਪਿੰਡ ਅਤੇ ਸ਼ਹਿਰ ਵਿੱਚ ਬੁਨਿਆਦੀ ਢਾਂਚੇ ਨੂੰ ਮਜ਼ਬੂਤ ਕਰਨ ਲਈ ਪੂਰੀ ਸੁਹਿਰਦਤਾ ਨਾਲ ਕੰਮ ਕੀਤਾ ਜਾ ਰਿਹਾ ਹੈ। ਉਨ੍ਹਾਂ ਕਿਹਾ ਕਿ ਆਮ ਆਦਮੀ ਪਾਰਟੀ ਦੀ ਸਰਕਾਰ ਦੇ ਕਾਰਜਕਾਲ ਦੌਰਾਨ ਜਿੰਨੇ ਵਿਕਾਸ ਕਾਰਜ ਹੋਏ ਹਨ, ਉਹ ਪਿਛਲੇ ਕਈ ਦਹਾਕਿਆਂ ਦੌਰਾਨ ਨਹੀਂ ਹੋ ਸਕੇ। ਉਨ੍ਹਾਂ ਭਰੋਸਾ ਦਿਵਾਇਆ ਕਿ ਵਿਕਾਸ ਕਾਰਜਾਂ ਨੂੰ ਹੋਰ ਤੇਜ਼ੀ ਨਾਲ ਅੱਗੇ ਵਧਾਇਆ ਜਾਵੇਗਾ ਅਤੇ ਵਿਕਾਸ ਲਈ ਫੰਡਾਂ ਦੀ ਕੋਈ ਕਮੀ ਨਹੀਂ ਆਉਣ ਦਿੱਤੀ ਜਾਵੇਗੀ।ਸ. ਹਰਭਜਨ ਸਿੰਘ ਈ.ਟੀ.ਓ. ਨੇ ਲੋਕ ਮਿਲਣੀ ਪ੍ਰੋਗਰਾਮਾਂ ਵਿੱਚ ਵੱਡੀ ਗਿਣਤੀ ਵਿੱਚ ਸ਼ਾਮਲ ਹੋਣ ਅਤੇ ਦਿੱਤੇ ਜਾ ਰਹੇ ਭਰਵੇਂ ਹੁੰਗਾਰੇ ਲਈ ਹਲਕਾ ਵਾਸੀਆਂ ਦਾ ਧੰਨਵਾਦ ਕਰਦਿਆਂ ਕਿਹਾ ਕਿ ਉਹ ਜੰਡਿਆਲਾ ਗੁਰੂ ਦੀ ਤਰੱਕੀ, ਵਿਕਾਸ ਅਤੇ ਲੋਕਾਂ ਦੀ ਭਲਾਈ ਲਈ ਹੋਰ ਵੀ ਵੱਧ ਸਮਰਪਣ ਨਾਲ ਕੰਮ ਕਰਦੇ ਰਹਿਣਗੇ।ਇਸ ਮੌਕੇ ਚੇਅਰਮੈਨ ਅਮਰੀਕ ਸਿੰਘ ਸੋਢੀ ਅਤੇ ਵੱਡੀ ਗਿਣਤੀ ਵਿੱਚ ਲੋਕ ਹਾਜ਼ਰ ਸਨ!

## ਸਰਕਾਰ ਹਰ ਵਰਗ ਦੀ ਭਲਾਈ ਅਤੇ ਪਿੰਡਾਂ ਦੇ ਸਰਬਪੱਖੀ ਵਿਕਾਸ ਲਈ ਵਚਨਬੱਧ ਹੈ: ਚੇਅਰਮੈਨ ਢਿੱਲੋਂ



**ਧੂਰੀ ( ਰਣਜੀਤ ਸਿੰਘ ਪੇਧਨੀ )**-ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੇ ਹਲਕੇ ਵਿੱਚ ਪੈਂਦੇ ਪਿੰਡ ਰਣੀਕੇ ਦੇ ਸਰਪੰਚ ਅਮਨਦੀਪ ਸਿੰਘ ਦੀ ਅਗਵਾਈ ਹੇਠ ਲੋਕ ਮਿਲਣੀ ਪ੍ਰੋਗਰਾਮ ਕਰਵਾਇਆ ਗਿਆ। ਜਿਸ ਵਿੱਚ ਮੁੱਖ ਮੰਤਰੀ ਦਫ਼ਤਰ ਇੰਚਾਰਜ ਦਲਵੀਰ ਸਿੰਘ ਢਿੱਲੋ ਚੇਅਰਮੈਨ ਲਘੂ ਉਦਯੋਗ ਨਿਗਮ ਪੰਜਾਬ ਵਿਸ਼ੇਸ਼ ਤੌਰ ’ਤੇ ਸਾਮਿਲ ਹੋਏ। ਇਸ ਮੌਕੇ ਲੋਕ ਮਿਲਣੀ ਪ੍ਰੋਗਰਾਮ ਨੂੰ ਸੰਬੋਧਨ ਕਰਦਿਆਂ ਚੇਅਰਮੈਨ ਦਲਵੀਰ ਸਿੰਘ ਢਿੱਲੋਂ ਨੇ ਕਿਹਾ ਕਿ ਮੁੱਖ ਮੰਤਰੀ ਸ. ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਲੋਕ-ਪੱਖੀ ਸ਼ਾਸਨ ਨੂੰ ਹੋਰ ਪ੍ਰਭਾਵਸ਼ਾਲੀ ਬਣਾਉਣ ਲਈ ’ਲੋਕ ਮਿਲਣੀ’ ਪ੍ਰੋਗਰਾਮ ਲਗਾਤਾਰ ਕਰਵਾ ਰਹੀ ਹੈ। ਉਨ੍ਹਾਂ ਕਿਹਾ ਕਿ ਇਨ੍ਹਾਂ ਪ੍ਰੋਗਰਾਮਾਂ ਦਾ ਮਕਸਦ ਲੋਕਾਂ ਦੀਆਂ ਸਮੱਸਿਆਵਾਂ ਨੂੰ ਉਨ੍ਹਾਂ ਦੇ ਘਰਾਂ ਦੇ ਨੇੜੇ ਹੀ ਸੁਣ ਕੇ ਉਨ੍ਹਾਂ ਦਾ ਤੁਰੰਤ ਅਤੇ ਪਾਰਦਰਸ਼ੀ ਹੱਲ ਯਕੀਨੀ ਬਣਾਉਣਾ ਹੈ।

ਉਨ੍ਹਾਂ ਕਿਹਾ ਕਿ ਸਰਕਾਰ ਹਰ ਵਰਗ ਦੀ ਭਲਾਈ ਅਤੇ ਪਿੰਡਾਂ ਦੇ ਸਰਬਪੱਖੀ ਵਿਕਾਸ ਲਈ ਵਚਨਬੱਧ ਹੈ। ਉਨ੍ਹਾਂ ਲੋਕਾਂ ਨੂੰ ਅਪੀਲ ਕੀਤੀ ਕਿ ਉਹ ਆਪਣੇ ਇਲਾਕੇ ਦੇ ਵਿਕਾਸ ਅਤੇ ਭਲਾਈ ਸਬੰਧੀ ਸੁਝਾਅ ਵੀ ਸਰਕਾਰ ਤੱਕ ਪਹੁੰਚਾਉਣ ਤਾਂ ਜੋ ਲੋਕ ਭਾਗੀਦਾਰੀ ਨਾਲ ਵਿਕਾਸ ਕਾਰਜਾਂ ਨੂੰ ਹੋਰ ਗਤੀ ਦਿੱਤੀ ਜਾ ਸਕੇ।

ਇਸ ਮੌਕੇ ਉੱਘੇ ਸਮਾਜ ਸੇਵੀ ਹਰਜਿੰਦਰ ਸਿੰਘ ਕਾਂਝਲਾ ਮੈਂਬਰ ਜਿਲ੍ਹਾ ਪ੍ਰੀਸ਼ਦ, ਸਰਪੰਚ ਮਨਪ੍ਰੀਤ ਸ਼ਰਮਾ ਚੇਅਰਮੈਨ ਬ੍ਰਾਹਮਣ ਵੈਲਫੇਅਰ ਬੋਰਡ, ਚੇਅਰਮੈਨ ਪੁਸ਼ਿਪੰਦਰ ਸ਼ਰਮਾ, ਸਰਪੰਚ ਅੰਮ੍ਰਿਤ ਚਹਿਲ ਘਨੌਰੀ ਮੈਬਰ ਜਿਲ੍ਹਾ ਪ੍ਰੀਸ਼ਦ, ਬਲਵਿੰਦਰ ਸਿੰਘ ਰਣੀਕੇ, ਸਰਪੰਚ ਜਗਜੀਤ ਸਿੰਘ ਕੱਕੜਵਾਲ, ਬਖਸੀਸ ਸਿੰਘ ਅਲਾਲ, ਬਲਾਕ ਪ੍ਰਧਾਨ ਸੁਰਜੀਤ ਸਿੰਘ ਰਾਜੋਮਾਜਰਾ, ਸਤਵਿੰਦਰ ਸਿੰਘ ਪੰਚ, ਜਸਪਾਲ ਸਿੰਘ ਪੰਚ, ਹਰਵਿੰਦਰ ਸਿੰਘ ਪੰਚ, ਜਰਨੈਲ ਸਿੰਘ ਪੰਚ, ਸੁਖਦੇਵ ਸਿੰਘ ਪੰਚ, ਨਿਰਭੈ ਸਿੰਘ ਪੰਚ, ਸਰਬਜੀਤ ਕੌਰ ਪੰਚ ਹਾਜ਼ਰ ਸਨ।

ਆਵਾਜ਼ਿ ਕੌਮ AWAZE QAUM International Newspaper & WEB TV

### ਮੀਰੀ-ਪੀਰੀ ਸੰਸਥਾਨ 'ਚ 220 ਕਰੋੜ ਰੁਪਏ ਦੇ ਬੱਜਟ ਦਾ ਭਰਮ ਫੈਲਾ ਕੇ

# ਸੰਗਤ ਨੂੰ ਡਰਾਇਆ ਜਾ ਰਿਹਾ : ਜਥੇਦਾਰ ਦਾਦੂਵਾਲ



### ਹਰਿਆਣਾ ਕਮੇਟੀ ਤੁਰੰਤ ਸੰਸਥਾਨ ਦੀ ਸੇਵਾ-ਸੰਭਾਲ ਆਪਣੇ ਹੱਥ 'ਚ ਲਵੇ ਅਤੇ ਕਰਮਚਾਰੀਆਂ ਦੀ ਬਕਾਇਆ ਤਨਖਾਹ ਜਾਰੀ ਕਰੇ : ਜਥੇਦਾਰ ਦਾਦੂਵਾਲ

ਨਵੀਂ ਦਿੱਲੀ, 26 ਜੁਲਾਈ (ਆਵਾਜ਼ਿ ਕੌਮ ਬਿਊਰੋ): ਹਰਿਆਣਾ ਸਿੱਖ ਗੁਰਦੁਆਰਾ ਮੈਨੇਜਮੈਂਟ ਕਮੇਟੀ ਦੀ ਧਰਮ ਪ੍ਰਚਾਰ ਕਮੇਟੀ ਦੇ ਚੇਅਰਮੈਨ ਜਥੇਦਾਰ ਬਾਬਾ ਬਲਜੀਤ ਸਿੰਘ ਦਾਦੂਵਾਲ ਨੇ ਦੋਸ਼ ਲਗਾਇਆ ਕਿ ਬਾਦਲ ਪਰਿਵਾਰ, ਐਸ.ਜੀ.ਪੀ.ਸੀ. ਅਤੇ ਮੀਰੀ-ਪੀਰੀ ਇੰਸਟੀਚਿਊਟ ਆਫ਼ ਮੈਡੀਕਲ ਸਾਇੰਸਿਜ਼ ਐਂਡ ਰਿਸਰਚ ਦੇ ਮੌਜੂਦਾ ਟਰੱਸਟ ਨਾਲ ਜੁੜੇ ਕੁਝ ਲੋਕ ਇਹ ਭਰਮ ਫੈਲਾ ਰਹੇ ਹਨ ਕਿ ਮੈਡੀਕਲ ਕਾਲਜ ਨੂੰ ਚਲਾਉਣ ਲਈ 220 ਕਰੋੜ ਰੁਪਏ ਦੇ ਬਜਟ ਦੀ ਲੋੜ ਹੋਵੇਗੀ। ਉਨ੍ਹਾਂ ਕਿਹਾ ਕਿ ਇਨ੍ਹਾਂ ਦਾ ਮਕਸਦ ਸੰਗਤ ਅਤੇ ਐਚ.ਐਸ.ਜੀ.ਐਮ.ਸੀ. ਦੇ ਮੈਂਬਰਾਂ ਨੂੰ ਡਰਾਉਣਾ ਹੈ, ਪਰ ਹੁਣ ਸੰਗਤ ਤੇ ਮੈਂਬਰ ਅਜਿਹੀਆਂ ਸਾਜ਼ਿਸ਼ਾਂ ਨੂੰ ਚੰਗੀ ਤਰ੍ਹਾਂ ਸਮਝ ਚੁੱਕੇ ਹਨ। ਜਥੇਦਾਰ ਦਾਦੂਵਾਲ ਨੇ ਕਿਹਾ ਕਿ ਇੱਕ ਸਮਾਂ ਸੀ ਜਦੋਂ ਇਹ ਪ੍ਰਚਾਰ ਕੀਤਾ ਜਾਂਦਾ ਸੀ ਕਿ ਹਰਿਆਣਾ ਦੇ ਗੁਰਦੁਆਰਿਆਂ ਦਾ ਸੰਚਾਲਨ ਪੰਜਾਬ ਤੋਂ ਆਉਣ ਵਾਲੇ ਪੈਸਿਆਂ ਨਾਲ ਹੁੰਦਾ ਹੈ, ਪਰ ਐਚ.ਐਸ.ਜੀ.ਐਮ.ਸੀ. ਦੇ ਗਠਨ ਅਤੇ ਬਜਟ ਸਾਹਮਣੇ ਆਉਣ ਤੋਂ ਬਾਅਦ ਇਹ ਸਪੱਸ਼ਟ ਹੋ ਗਿਆ ਹੈ ਕਿ ਹਰਿਆਣਾ ਦੇ ਗੁਰਦੁਆਰੇ ਆਪਣੇ ਸਰੋਤਾਂ ਨਾਲ ਸੰਚਾਲਨ ਕਰਨ ਦੇ ਪੂਰੀ ਤਰ੍ਹਾਂ ਸਮਰੱਥ ਹਨ ਅਤੇ ਉਨ੍ਹਾਂ ਨੂੰ ਕਿਸੇ ਹੋਰ ਸੂਬੇ ਤੋਂ ਆਰਥਿਕ ਸਹਾਇਤਾ ਦੀ ਲੋੜ ਨਹੀਂ ਹੈ। ਉਨ੍ਹਾਂ ਦਾਅਵਾ ਕੀਤਾ ਕਿ ਮੀਰੀ-ਪੀਰੀ ਸੰਸਥਾਨ ਵੀ ਘਾਟੇ 'ਚ ਨਹੀਂ ਹੈ। ਕੁਝ ਲੋਕ ਇਹ ਮਾਹੌਲ ਬਣਾਉਣ ਦੀ ਕੋਸ਼ਿਸ਼ ਕਰ ਰਹੇ ਹਨ ਕਿ ਐਚ.ਐਸ.ਜੀ.ਐਮ.ਸੀ. ਇਸ ਸੰਸਥਾਨ ਨੂੰ ਨਹੀਂ ਚਲਾ ਸਕੇਗੀ, ਪਰ ਹੁਣ ਹਾਲਾਤ ਬਦਲ ਚੁੱਕੇ ਹਨ। ਉਨ੍ਹਾਂ ਕਿਹਾ ਕਿ ਸੰਸਥਾਨ ਦੇ ਕਰਮਚਾਰੀਆਂ ਨੇ ਵੀ ਪਿਛਲੇ ਦਿਨੀਂ ਉਨ੍ਹਾਂ ਨੂੰ ਸੀ.ਈ.ਓ. ਚੀਮਾ ਅਤੇ ਟਰੱਸਟੀਆਂ ਦੇ ਇਰਾਦਿਆਂ ਬਾਰੇ ਜਾਣੂ ਕਰਵਾਇਆ ਹੈ। ਜਥੇਦਾਰ ਦਾਦੂਵਾਲ ਨੇ ਕਿਹਾ ਕਿ ਜੇਕਰ ਕਿਸੇ ਕਾਰਨ ਐਚ.ਐਸ.ਜੀ.ਐਮ.ਸੀ. ਇਸ ਸੰਸਥਾਨ ਦਾ ਸੰਚਾਲਨ ਕਰਨ ਵਿੱਚ ਅਸਮਰੱਥ ਰਹਿੰਦੀ ਹੈ ਤਾਂ ਉਨ੍ਹਾਂ ਦਾ ਟਰੱਸਟ ਖੁਦ ਇਸ ਸੰਸਥਾਨ ਦਾ ਸੰਚਾਲਨ ਕਰੇਗਾ ਅਤੇ ਮੈਡੀਕਲ ਕਾਲਜ ਦਾ ਨਿਰਮਾਣ ਵੀ ਜਲਦ ਕਰਵਾਇਆ ਜਾਵੇਗਾ। ਉਨ੍ਹਾਂ ਐਚ.ਐਸ.ਜੀ.ਐਮ.ਸੀ. ਦੇ ਮੈਂਬਰਾਂ ਅਤੇ ਅਧਿਕਾਰੀਆਂ ਤੋਂ ਮੰਗ ਕੀਤੀ ਕਿ ਉਹ ਜਲਦ ਤੋਂ ਜਲਦ ਮੀਰੀ-ਪੀਰੀ ਸੰਸਥਾਨ ਦੀ ਸੇਵਾ-ਸੰਭਾਲ ਆਪਣੇ ਹੱਥ ਵਿੱਚ ਲੈਣ, ਡਾਕਟਰਾਂ ਅਤੇ ਕਰਮਚਾਰੀਆਂ ਦੀ ਬਕਾਇਆ ਤਨਖਾਹ ਜਾਰੀ ਕਰਨ ਅਤੇ ਇਸ ਤੋਂ ਬਾਅਦ ਸੰਸਥਾਨ ਦਾ ਸੁਤੰਤਰ ਆਡਿਟ ਕਰਵਾਇਆ ਜਾਵੇ। ਇਸ ਦੇ ਨਾਲ ਹੀ 12 ਮਈ ਤੋਂ ਬਾਅਦ ਇਕੱਠੀ ਹੋਈ ਰਕਮ, ਬੈਂਕ ਕਰਜ਼ੇ ਅਤੇ ਹੋਰ ਵਿੱਤੀ ਲੈਣ-ਦੇਣ ਦਾ ਪੂਰਾ ਹਿਸਾਬ ਸੰਗਤ ਦੇ ਸਾਹਮਣੇ ਰੱਖਿਆ ਜਾਵੇ। ਜਥੇਦਾਰ ਦਾਦੂਵਾਲ ਨੇ ਕਿਹਾ ਕਿ ਸੰਸਥਾਨ ਵਿੱਚ ਘਾਟਾ ਨਹੀਂ, ਸਗੋਂ ਮੁਨਾਫ਼ੇ ਦੀ ਸੰਭਾਵਨਾ ਹੈ। ਉਨ੍ਹਾਂ ਦਾਅਵਾ ਕੀਤਾ ਕਿ ਪਾਰਦਰਸ਼ੀ ਢੰਗ ਨਾਲ ਸੰਚਾਲਨ ਹੋਣ ਨਾਲ ਸੰਗਤ ਅਤੇ ਮਰੀਜ਼ਾਂ ਨੂੰ ਰਾਹਤ ਮਿਲੇਗੀ ਅਤੇ ਮਹਿੰਗੀਆਂ ਦਵਾਈਆਂ ਵੀ ਸਸਤੇ ਭਾਅ 'ਤੇ ਉਪਲਬਧ ਕਰਵਾਈਆਂ ਜਾਣਗੀਆਂ।

ਉਨ੍ਹਾਂ ਕਿਹਾ ਮੈਂ ਜ਼ਮੀਨ ਨਾਲ ਜੁੜਿਆ ਹੋਇਆ ਵਿਅਕਤੀ ਹਾਂ ਅਤੇ ਗਰਾਊਂਡ 'ਤੇ ਪੂਰੀ ਜਾਣਕਾਰੀ ਹਾਸਲ ਕਰਨ ਤੋਂ ਬਾਅਦ ਹੀ ਸੰਗਤ ਦੇ ਸਾਹਮਣੇ ਕੋਈ ਬਿਆਨ ਦਿੰਦਾ ਹਾਂ। ਉਨ੍ਹਾਂ ਚੇਤਾਵਨੀ ਦਿੰਦਿਆਂ ਕਿਹਾ ਕਿ ਸੰਸਥਾਨ ਦੇ ਹਾਲਾਤ ਖਰਾਬ ਕਰਨ ਲਈ ਜੋ ਵੀ ਲੋਕ ਜ਼ਿੰਮੇਵਾਰ ਪਾਏ ਗਏ, ਉਨ੍ਹਾਂ ਨੂੰ ਕਿਸੇ ਵੀ ਕੀਮਤ 'ਤੇ ਬਖ਼ਸ਼ਿਆ ਨਹੀਂ ਜਾਵੇਗਾ।

### ਪਿੰਡ ਸਲੇਮਪੁਰ ਵਿਖੇ 'ਲੋਕ ਮਿਲਣੀ' ਦੌਰਾਨ ਵਿਧਾਇਕ ਕੁਲਵੰਤ ਸਿੰਘ ਪੰਡੋਰੀ ਅਤੇ ਚੇਅਰਮੈਨ ਦਲਵੀਰ ਸਿੰਘ ਢਿੱਲੋਂ ਨੇ ਸੁਣੀਆਂ ਲੋਕਾਂ ਦੀਆਂ ਮੁਸ਼ਕਲਾਂ

# ਲੋਕਾਂ ਦੀਆਂ ਸਮੱਸਿਆਵਾਂ ਦਾ ਤਰਜੀਹੀ ਆਧਾਰ 'ਤੇ ਹੱਲ ਕਰਨਾ ਪੰਜਾਬ ਸਰਕਾਰ ਦੀ ਮੁੱਖ ਤਰਜੀਹ



ਸ਼ੇਰਪੁਰ ( ਰਣਜੀਤ ਸਿੰਘ ਪੇਧਨੀ ) ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠ ਪੰਜਾਬ ਸਰਕਾਰ ਵੱਲੋਂ ਲੋਕਾਂ ਨੂੰ ਪਾਰਦਰਸ਼ੀ, ਜਵਾਬਦੇਹ ਅਤੇ ਲੋਕ-ਪੱਖੀ ਪ੍ਰਸ਼ਾਸਨ ਮੁਹੱਈਆ ਕਰਵਾਉਣ ਦੇ ਮੰਤਵ ਨਾਲ ਕਰਵਾਏ ਜਾ ਰਹੇ 'ਲੋਕ ਮਿਲਣੀ' ਪ੍ਰੋਗਰਾਮਾਂ ਦੀ ਲੜੀ ਤਹਿਤ ਪਿੰਡ ਸਲੇਮਪੁਰ ਵਿਖੇ ਲੋਕ ਮਿਲਣੀ ਦਾ ਆਯੋਜਨ ਕੀਤਾ ਗਿਆ। ਇਸ ਮੌਕੇ ਹਲਕਾ ਮਹਿਲ ਕਲਾਂ ਦੇ ਵਿਧਾਇਕ ਕੁਲਵੰਤ ਸਿੰਘ ਪੰਡੋਰੀ ਅਤੇ ਪੰਜਾਬ ਲਘੂ ਉਦਯੋਗ ਅਤੇ ਨਿਰਯਾਤ ਨਿਗਮ ਦੇ ਚੇਅਰਮੈਨ ਦਲਵੀਰ ਸਿੰਘ ਢਿੱਲੋਂ ਨੇ ਪਿੰਡ ਵਾਸੀਆਂ ਨਾਲ ਰੂਬਰੂ ਹੋ ਕੇ ਉਨ੍ਹਾਂ ਦੀਆਂ ਮੁਸ਼ਕਲਾਂ ਅਤੇ ਮੰਗਾਂ ਸੁਣੀਆਂ। ਇਸ ਮੌਕੇ ਵਿਧਾਇਕ ਕੁਲਵੰਤ ਸਿੰਘ ਪੰਡੋਰੀ ਨੇ ਕਿਹਾ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਲੋਕਾਂ ਦੀਆਂ ਸਮੱਸਿਆਵਾਂ ਨੂੰ ਉਨ੍ਹਾਂ ਦੇ ਘਰਾਂ ਦੇ ਨੇੜੇ ਹੀ ਸੁਣ ਕੇ ਉਨ੍ਹਾਂ ਦਾ ਤੁਰੰਤ ਅਤੇ ਯੋਗ ਹੱਲ ਯਕੀਨੀ ਬਣਾਉਣ ਲਈ ਵਚਨਬੱਧ ਹੈ। ਉਨ੍ਹਾਂ ਕਿਹਾ ਕਿ 'ਲੋਕ ਮਿਲਣੀ' ਵਰਗੇ ਪ੍ਰੋਗਰਾਮਾਂ ਰਾਹੀਂ ਲੋਕਾਂ ਅਤੇ ਸਰਕਾਰ ਵਿਚਕਾਰ ਸਿੱਧਾ ਸੰਵਾਦ ਸਥਾਪਤ ਹੋਇਆ ਹੈ, ਜਿਸ ਨਾਲ ਲੋਕਾਂ ਨੂੰ ਆਪਣੇ ਕੰਮਾਂ ਲਈ ਦਫ਼ਤਰਾਂ ਦੇ ਚੱਕਰ ਨਹੀਂ ਲਗਾਉਣੇ ਪੈਂਦੇ। ਪੰਜਾਬ ਲਘੂ ਉਦਯੋਗ ਅਤੇ ਨਿਰਯਾਤ ਨਿਗਮ ਦੇ ਚੇਅਰਮੈਨ ਦਲਵੀਰ ਸਿੰਘ ਢਿੱਲੋਂ ਨੇ ਕਿਹਾ ਕਿ ਪੰਜਾਬ ਸਰਕਾਰ ਦੀ ਮੁੱਖ ਤਰਜੀਹ ਹਰ ਵਰਗ ਦੀ ਭਲਾਈ ਅਤੇ ਸਮੱਸਿਆਵਾਂ ਦਾ ਸਮੇਂ ਸਿਰ ਨਿਪਟਾਰਾ ਕਰਨਾ ਹੈ। ਉਨ੍ਹਾਂ ਕਿਹਾ ਕਿ ਲੋਕਾਂ ਵੱਲੋਂ ਉਠਾਏ ਗਏ ਹਰ ਜਾਇਜ਼ ਮਸਲੇ ਨੂੰ ਸਬੰਧਤ ਵਿਭਾਗਾਂ ਦੇ ਧਿਆਨ ਵਿੱਚ ਲਿਆ ਕੇ ਪਹਿਲ ਦੇ ਆਧਾਰ 'ਤੇ ਹੱਲ ਕਰਵਾਇਆ ਜਾਵੇਗਾ। ਉਨ੍ਹਾਂ ਇਹ ਵੀ ਕਿਹਾ ਕਿ ਸਰਕਾਰ ਵਿਕਾਸ ਕਾਰਜਾਂ ਨੂੰ ਤੇਜ਼ੀ ਨਾਲ ਅੱਗੇ ਵਧਾਉਣ ਦੇ ਨਾਲ-ਨਾਲ ਲੋਕਾਂ ਦੀਆਂ ਉਮੀਦਾਂ 'ਤੇ ਖਰਾ ਉਤਰਣ ਲਈ ਪੂਰੀ ਤਨਦੇਹੀ ਨਾਲ ਕੰਮ ਕਰ ਰਹੀ ਹੈ। ਇਸ ਮੌਕੇ ਟਰੇਡ ਕਮਿਸ਼ਨ ਧੂਰੀ ਦੇ ਚੇਅਰਮੈਨ ਪੁਸ਼ਿਪੰਦਰ ਸ਼ਰਮਾ, ਜ਼ਿਲ੍ਹਾ ਪ੍ਰੀਸ਼ਦ ਮੈਂਬਰ ਹਰਜਿੰਦਰ ਸਿੰਘ ਕਾਂਝਲਾ, ਸਰਪੰਚ ਘਨੌਰੀ ਕਲਾਂ ਅਮ੍ਰਿਤਪਾਲ ਸਿੰਘ, ਸਰਪੰਚ ਮਨਪ੍ਰੀਤ ਸ਼ਰਮਾ, ਸਰਪੰਚ ਭੀਮ ਸਿੰਘ, ਪੰਚ ਹਰਮੇਲ ਸਿੰਘ, ਜਗਤਾਰ ਸਿੰਘ ਅਤੇ ਹੋਰ ਪਤਵੰਤੇ ਹਾਜ਼ਰ ਸਨ।

# ਸਨਾਵਰ ਮਾਡਲ ਯੂਨਾਈਟਿਡ ਨੇਸ਼ਨਜ਼ ਕਾਨਫਰੰਸ 2026 ਵਿੱਚ ਮੇਯੋ ਕਾਲਜ ਦਾ ਦਬਦਬਾ



ਚੌਕ ਮਹਿਤਾ,26 ਜੁਲਾਈ( ਬਾਬਾ ਸੁਖਵੰਤ ਸਿੰਘ ਚੰਨਣਕੇ) ਦ ਲਾਰੈਂਸ ਸਕੂਲ, ਸਨਾਵਰ ਵਿਖੇ ਆਯੋਜਿਤ ਤਿੰਨ ਦਿਨਾਂ ਸਨਾਵਰ ਮਾਡਲ ਯੂਨਾਈਟਿਡ ਨੇਸ਼ਨਜ਼ ਕਾਨਫਰੰਸ 2026 (ਐਸਐਨਏਐਮਯੂਐਨ-2026) ਦੇ ਸਮਾਪਨ ਸਮਾਰੋਹ ਦੌਰਾਨ ਮੇਯੋ ਕਾਲਜ, ਅਜਮੇਰ ਨੇ ਸ਼ਾਨਦਾਰ ਪ੍ਰਦਰਸ਼ਨ ਕਰਦਿਆਂ ਬੈਸਟ ਡੈਲੀਗੇਸ਼ਨ ਦਾ ਖਿਤਾਬ ਆਪਣੇ ਨਾਮ ਕੀਤਾ। ਇਸੇ ਸੰਸਥਾ ਦੇ ਸੂਰਿਆਪਾਲ ਸਿੰਘ ਦੇਵੜਾ ਨੂੰ ਬੈਸਟ ਡੈਲੀਗੇਟ ਚੁਣਿਆ ਗਿਆ। ਵਨ ਵੋਇਸ ਫ਼ਾਰ ਵਰਲਡ ਪੀਸ" ਥੀਮ 'ਤੇ ਆਯੋਜਿਤ ਇਸ ਕਾਨਫਰੰਸ ਵਿੱਚ ਦੇਸ਼ ਦੇ 10 ਪ੍ਰਮੁੱਖ ਸਕੂਲਾਂ ਦੇ 120 ਤੋਂ ਵੱਧ ਵਿਦਿਆਰਥੀ ਪ੍ਰਤੀਨਿਧੀਆਂ ਨੇ ਭਾਗ ਲਿਆ। ਉਨ੍ਹਾਂ ਨੇ ਵਿਸ਼ਵ ਅਤੇ ਰਾਸ਼ਟਰੀ ਮਹੱਤਵ ਦੇ ਅਹਿਮ ਮੁੱਦਿਆਂ 'ਤੇ ਵਿਚਾਰ-ਵਟਾਂਦਰਾ ਕਰਦਿਆਂ ਆਪਣੀ ਕੂਟਨੀਤਿਕ ਸੋਚ, ਲੀਡਰਸ਼ਿਪ ਅਤੇ ਤਰਕਸ਼ੀਲ ਸੋਚ ਦਾ ਪ੍ਰਭਾਵਸ਼ਾਲੀ ਪ੍ਰਦਰਸ਼ਨ ਕੀਤਾ। ਕਾਨਫਰੰਸ ਨੂੰ ਸੰਯੁਕਤ ਰਾਸ਼ਟਰ ਮਾਦਕ ਪਦਾਰਥ ਅਤੇ ਅਪਰਾਧ ਦਫ਼ਤਰ (ਯੂਐਨਓਡੀਸੀ) ਦੇ ਦੱਖਣੀ ਏਸ਼ੀਆ ਲਈ ਕਮਿਊਨੀਕੇਸ਼ਨਜ਼ ਅਧਿਕਾਰੀ ਸਮਰਥ ਪਾਠਕ ਵੱਲੋਂ ਵਧਾਈ ਸੰਦੇਸ਼ ਵੀ ਪ੍ਰਾਪਤ ਹੋਇਆ। ਉਨ੍ਹਾਂ ਨੇ ਨੌਜਵਾਨਾਂ ਵਿੱਚ ਸੰਵਾਦ, ਕੂਟਨੀਤੀ ਅਤੇ ਲੀਡਰਸ਼ਿਪ ਨੂੰ ਉਤਸ਼ਾਹਿਤ ਕਰਨ ਲਈ ਐਸਐਨਏਐਮਯੂਐਨ ਵਰਗੇ ਮੰਚ ਦੀ ਸ਼ਲਾਘਾ ਕੀਤੀ। ਸਮਾਪਨ ਸਮਾਰੋਹ ਦੀ ਮੁੱਖ ਮਹਿਮਾਨ ਡਾ. ਸਾਗਰੀ ਸਿੰਘ ਸਨ, ਜੋ ਅੰਤਰਰਾਸ਼ਟਰੀ ਵਿਕਾਸ ਅਤੇ ਗਲੋਬਲ ਸਿਹਤ ਦੇ ਖੇਤਰ ਵਿੱਚ ਦੋ ਦਹਾਕਿਆਂ ਤੋਂ ਵੱਧ ਦਾ ਤਜਰਬਾ ਰੱਖਦੀਆਂ ਹਨ ਅਤੇ ਸੰਯੁਕਤ ਰਾਸ਼ਟਰ ਦੀਆਂ ਵੱਖ-ਵੱਖ ਏਜੰਸੀਆਂ ਨਾਲ ਕੰਮ ਕਰ ਚੁੱਕੀਆਂ ਹਨ। ਸਕੂਲ ਦੀ ਹੈੱਡਮਾਸਟਰ ਰੁਚੀ ਪ੍ਰਧਾਨ ਦੱਤਾ ਨੇ ਧੰਨਵਾਦ ਪ੍ਰਸਤਾਵ ਪੇਸ਼ ਕਰਦਿਆਂ ਕਿਹਾ ਕਿ ਐਸਐਨਏਐਮਯੂਐਨ-2026 ਸਿਰਫ਼ ਇੱਕ ਕਾਨਫਰੰਸ ਨਹੀਂ ਸੀ, ਸਗੋਂ ਕੂਟਨੀਤੀ, ਆਪਸੀ ਸਹਿਯੋਗ ਅਤੇ ਬੌਧਿਕ ਜਿਗਿਆਸਾ ਦਾ ਜਸ਼ਨ ਸੀ, ਜਿਸ ਨੇ ਵਿਦਿਆਰਥੀਆਂ ਨੂੰ ਵਿਸ਼ਵ ਪੱਧਰੀ ਚੁਣੌਤੀਆਂ ਨੂੰ ਸਮਝਣ ਅਤੇ ਉਨ੍ਹਾਂ ਦੇ ਹੱਲ ਵੱਲ ਸੋਚਣ ਲਈ ਪ੍ਰੇਰਿਤ ਕੀਤਾ।

# "ਕੀ ਇਹ ਹੈ ਯੁੱਧ ਨਸ਼ੇ ਵਿਰੁੱਧ" ? ਗੁਰੂ ਕੀ ਨਗਰੀ ਅੰਮ੍ਰਿਤਸਰ ਨਸ਼ੇ ਚ ਝੂਲਦੇ ਅਤੇ ਨਸ਼ਾ ਕਰ ਰਹੇ ਨੌਜਵਾਨਾਂ ਦੀਆਂ ਵੱਖ-ਵੱਖ ਵੀਡਿਓ ਸੋਸਲ ਮੀਡੀਆ ਤੇ ਵਾਇਰਲ ਹੋਣ ਤੇ ਛਿੜੀ ਚਰਚਾ



**ਜੰਡਿਆਲਾ ਗੁਰੂ 26 ਜੁਲਾਈ ( ਕੁਲਵੰਤ ਸਿੰਘ ਵਿਰਦੀ )**-ਪੰਜਾਬ ਸਰਕਾਰ ਤੇ ਪੰਜਾਬ ਪੁਲਿਸ ਵੱਲੋਂ ਚਲਾਈ ਗਈ ਯੁੱਧ ਨਸ਼ੇ ਵਿਰੁੱਧ ਮੁਹਿੰਮ ਦੀ ਪੋਲ ਅੰਮ੍ਰਿਤਸਰ ਦੀਆਂ ਸੜਕਾਂ ਅਤੇ ਥਾਣਾ ਦੇ ਕੋਲ ਨਸ਼ੇੜੀ ਨੌਜਵਾਨਾਂ ਵਲੋਂ ਖੁਲਦੀ ਦਿਖਾਈ ਦਿੰਦੀ ਨਜਰ ਆ ਰਹੀ ਹੈ । ਬੀਤੇ ਕਲ੍ਹ ਸ਼ੋਸ਼ਲ ਮੀਡੀਆ ਤੇ ਵਾਇਰਲ ਤਿੰਨ ਵੀਡਿਓ ਵਿਚ 5-6 ਨਸ਼ੇੜੀ ਨੋਜਵਾਨ ਇੱਕਠੇ ਹੋ ਕੇ ਨਸ਼ਾ ਕਰਦੇ ਹੋਏ ਅਤੇ ਨਸ਼ੇ ਵਿੱਚ ਝੂਲਦੇ ਦਿਖਾਈ ਦੇ ਰਹੇ ਸਨ । ਗਿਲਵਾਲੀ ਗੇਟ ਇਲਾਕੇ ਵਿੱਚ, ਥਾਣੇ ਦੇ ਬਿਲਕੁਲ ਨਜ਼ਦੀਕ ਇੱਕ ਨੌਜਵਾਨ ਨਸ਼ੇ ਦੀ ਹਾਲਤ ਵਿੱਚ ਝੂਲਦਾ ਨਜ਼ਰ ਆਇਆ। 3-4 ਨਸ਼ੇੜੀ ਸ਼ਰੇਆਮ ਸੜਕ ਕਿਨਾਰੇ ਨਸ਼ਾ ਕਰਦੇ ਦੇਖੇ ਗਏ । ਇਸਤੋਂ ਇਲਾਵਾ ਬਾਅਦ ਦੁਪਹਿਰ ਨਾਵਲਟੀ ਚੌਂਕ ਵਿੱਚ ਵੀ ਦੋ ਨਸ਼ੇੜੀ ਆਪਸ ਚ ਲੜਦੇ ਦੇਖੇ ਗਏ ਇਕ ਨਸ਼ੇੜੀ ਦੂਸਰੇ ਨਸ਼ੇੜੀ ਦੀ ਮਾਰਕੁਟਾਈ ਕਰ ਰਿਹਾ ਸੀ ਅਤੇ ਉਸਦੀ ਜੇਬ ਚੋ ਕੁਝ ਕੱਢ ਰਿਹਾ ਸੀ ਜਿਸ ਨਾਲ ਟਰੈਫਿਕ ਵੀ ਜਾਮ ਦੇਖਿਆ ਗਿਆ ।ਇਹ ਦ੍ਰਿਸ਼ ਇੱਕ ਵਾਰ ਫਿਰ ਨਸ਼ਿਆਂ ਖ਼ਿਲਾਫ਼ ਚੱਲ ਰਹੀ ਲੜਾਈ 'ਤੇ ਗੰਭੀਰ ਸਵਾਲ ਖੜ੍ਹੇ ਕਰਦਾ ਹੈ।

ਕਦੋਂ ਇਹ ਨਸ਼ੇ ਦਾ ਕੋਹੜ ਗੁਰੂ ਕੀ ਨਗਰੀ ਅੰਮ੍ਰਿਤਸਰ ਅਤੇ ਪੰਜ਼ਾਬ ਵਿੱਚੋ ਖਤਮ ਹੋਵੇਗਾ ? ਪੰਜਾਬ ਦੀ ਬਰਬਾਦੀ ਨੂੰ ਇਹ ਕੋਹੜ ਖਤਮ ਕਰ ਰਿਹਾ ਹੈ ਅਗਰ ਥਾਣਿਆਂ ਦੇ ਕੋਲ ਜਾਂ ਪੁਲਿਸ ਨਾਕੇ ਕੋਲ ਨਸ਼ੇੜੀ ਇਸ ਤਰ੍ਹਾਂ ਸ਼ਰੇਆਮ ਨਸ਼ਾ ਕਰਦੇ ਦੇਖੇ ਜਾ ਸਕਦੇ ਹਨ ਤਾਂ ਫਿਰ ਬਾਕੀ ਇਲਾਕਿਆਂ ਚੋ ਨਸ਼ਾ ਕਿਵੇਂ ਖਤਮ ਹੋਵੇਗਾ ।ਜੇਕਰ ਇਹ ਨਸ਼ੇ ਦਾ ਕੋਹੜ ਪੰਜਾਬ ਵਿੱਚੋ ਖਤਮ ਨਾ ਹੋਈਆ ਤਾਂ ਪੰਜ਼ਾਬ ਦੀ ਨੌਜਵਾਨੀ ਖ਼ਤਮ ਹੋ ਜਾਵੇਗੀ । ਭਾਵੇਂ ਕਿ ਪੰਜਾਬ ਸਰਕਾਰ ਵਲੋਂ ਨਸ਼ੇ ਦੇ ਖਿਲਾਫ ਵੱਡੀ ਪੱਧਰ ਤੇ ਪਰਚਾਰ ਕੀਤਾ ਜਾ ਰਿਹਾ ਹੈ ਅਤੇ ਆਏ ਦਿਨ ਵੱਡੀਆਂ ਖੇਪਾਂ ਵੀ ਫੜੀਆਂ ਜਾ ਰਹੀਆਂ ਹਨ ਪਰ 2022 ਚ ਦੋ ਮਹੀਨਿਆਂ ਵਿਚ ਪੰਜਾਬ ਚੋ ਨਸ਼ਾ ਖਤਮ ਕਰਨ ਦਾ ਵਾਅਦਾ ਕਰਨ ਵਾਲੀ ਇਹ ਸਰਕਾਰ ਆਪਣਾ ਵਾਅਦਾ ਪੂਰਾ ਨਹੀਂ ਕਰ ਸਕੀ ਜਦੋਂ ਕਿ ਇਸਦੇ ਖੁਦ ਹੁਣ 4-5 ਮਹੀਨੇ ਰਹਿ ਗਏ ਹਨ । ਪੰਜਾਬ ਸਰਕਾਰ ਵੱਲੋਂ ਚਲਾਈ ਜਾਂਦੀ ਮੁਹਿੰਮ ਯੁੱਧ ਨਸ਼ਿਆਂ ਵਿਰੁੱਧ ਦੀ ਹਵਾ ਕੱਢਦੇ ਹੋਏ ਨਸ਼ੇੜੀਆਂ ਨੇ ਪੁਲਿਸ ਦੇ ਸਾਹਮਣੇ ਹੀ ਨਸ਼ੇ ਦਾ ਪ੍ਰਦਰਸ਼ਨ ਕਰ ਦਿੱਤਾ ਜੋ ਸ਼ਹਿਰ ਵਿਚ ਚਰਚਾ ਦਾ ਵਿਸ਼ਾ ਬਣਿਆ ਹੋਇਆ ਹੈ।

ਆਵਾਜ਼ਿ ਕੌਮ AWAZE QAUM International Newspaper & WEB TV
ਸਿੱਖ ਕੌਮ ਅਤੇ ਪੰਜਾਬੀਅਤ ਦਾ ਪਹਿਰੇਦਾਰ
ਆਵਾਜ਼ਿ ਕੌਮ
ਵਿੱਚ ਵਿਸ਼ਵ ਪੱਧਰ 'ਤੇ ਇਸ਼ਤਿਹਾਰ ਦੇਣ ਲਈ ਸੰਪਰਕ ਕਰੋ :
+447458381111 +447976210161 +919729091243




★ ਜਾਰੀ ਕਰਤਾ ★

ਆਵਾਜ਼ਿ ਕੌਮ
AWAZE QAUM
International Newspaper & WEB TV

ਸਿੱਖ ਕੌਮ ਅਤੇ ਪੰਜਾਬੀਅਤ ਦਾ ਪਹਿਰੇਦਾਰ

ਆਵਾਜ਼ਿ ਕੌਮ

+447458381111 +447976210161 +919729091243